# ਸ਼੍ਰੋਮਣੀ ਅਕਾਲੀ ਦਲ ਦਾ ਇਕ ਸਦੀ ਦਾ ਇਤਿਹਾਸ

੧੯੨੦ ਤੋਂ ੨੦੨੦

*ਵਾਪਰਦਾ ਸਾਗਰ ਸਮਾਨ ਹੈ ਪਰ ਲਿਖਤ ਵਿਚ ਬੂੰਦ ਸਮਾਨ ਆਉਂਦਾ ਹੈ*

ਅਸਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਆਪਸ ਵਿਚ ਤਾਣੇ ਪੇਟੇ ਸਮਾਨ ਹੈ। ਗੁਰਦੁਆਰਾ, ਸਿੱਖ ਪੰਥ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ, ਇਹ ਸਾਰੇ ਸ਼ਬਦ ਇਕ ਦੂਜੇ ਵਿਚ ਇਸ ਤਰ੍ਹਾਂ ਪ੍ਰੋਏ ਹੋਏ ਹਨ ਕਿ ਇਹਨਾਂ ਨੂੰ ਵੱਖਰਾ ਵੱਖਰਾ ਵਿਚਾਰਿਆ ਜਾਣਾ ਸੌਖਾ ਕਾਰਜ ਨਹੀਂ। ਆਪਾਂ ਇਸ ਛੋਟੇ ਜਿਹੇ ਲੇਖ ਵਿਚ ਸਿਰਫ ਸ਼੍ਰੋਮਣੀ ਅਕਾਲੀ ਦਲ ਬਾਰੇ ਹੀ ਗੱਲ ਕਰਦੇ ਹਾਂ।

ਅਠਾਰਵੀ ਸਦੀ ਦੌਰਾਨ ਜਦੋਂ ਸਿੰਘ ਜੰਗਲਾਂ ਵਿਚ ਵਿਚਰਨ ਲਈ ਮਜਬੂਰ ਸਨ, ਉਸ ਸਮੇ ਦੌਰਾਨ ਗੁਰਦੁਆਰਿਆਂ ਦੀ ਸੇਵਾ ਸੰਭਾਲ਼ ਨਿਰਮਲੇ ਅਤੇ ਉਦਾਸੀ ਸੰਤਾਂ/ਮਹੰਤਾਂ ਪਾਸ ਹੁੰਦੀ ਸੀ। ਵਾਰਸ ਸ਼ਾਹ ਦੇ ਬੋਲਾਂ ਵਿਚ, "ਜਦੋਂ ਦੇਸ ਦੇ ਜੱਟ ਸਰਦਾਰ ਹੋਏ ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।" ਪੰਜਾਬ ਵਿਚ ਅਜਿਹੇ ਸਿੱਖਾਂ ਦੀ ਸਰਦਾਰੀ ਸਮੇ ਅਤੇ ਫਿਰ ਸਿੱਖ ਰਾਜ ਦੇ ਆਉਣ ਨਾਲ਼ ਗੁਰਦੁਆਰਿਆਂ ਦੇ ਨਾਂ ਜ਼ਮੀਨਾਂ, ਚੜ੍ਹਾਵੇ ਆਦਿ ਨਾਲ਼, ਧਨ ਲੋੜੋਂ ਵਧੇਰੇ ਇਕੱਠਾ ਹੋਣਾ ਸ਼ੁਰੂ ਗਿਆ ਤਾਂ ਇਸ ਨਾਲ਼ ਬਹੁਤ ਸਾਰੇ ਸੰਤਾਂ/ਮਹੰਤਾਂ ਵਿਚ ਵੀ ਗਿਰਾਵਟ ਆ ਗਈ। ਸ਼ਕਤੀ ਕਿਸੇ ਵੀ ਤਰ੍ਹਾਂ ਦੀ ਹੋਵੇ ਅਕਸਰ ਬਹੁਤੇ ਮਨੁਖਾਂ ਨੂੰ ਭ੍ਰਿਸ਼ਟ ਕਰ ਦਿੰਦੀ ਹੈ। ਸੰਪੂਰਨ ਸ਼ਕਤੀ ਸੰਪੂਰਨਤਾ ਸਹਿਤ। ਇਸ ਧਨ ਦੀ ਸ਼ਕਤੀ ਨਾਲ਼ ਗੁਰਦੁਅਰਿਆਂ ਦੇ ਇਹਨਾਂ ਸੰਤਾਂ/ਮਹੰਤਾਂ ਵਿਚੋਂ ਵੀ ਬਹੁਤ ਸਾਰੇ ਭ੍ਰਿਸ਼ਟ ਹੋ ਗਏ ਸਨ। ਆਪਣੇ ਸਾਰੇ ਜੀਵਨ ਵਿਚ ਵੀ ਮਨੁਖ ਦਾ ਕਿਰਦਾਰ ਇਕਸਾਰ ਨਹੀਂ ਰਹਿੰਦਾ ਤੇ ਪੀਹੜੀ ਦਰ ਪੀਹੜੀ ਸੰਤਾਂ/ਮਹੰਤਾਂ ਦਾ ਕਿਰਦਾਰ ਵੀ ਆਪਣੇ ਤੋਂ ਪਹਿਲਿਆਂ ਵਰਗਾ ਕਿਵੇਂ ਰਹਿ ਸਕਦਾ ਸੀ! ਉਹਨਾਂ ਵਿਚੋਂ ਵੀ ਕਈ ਇਸ ਲੋੜੋਂ ਵੱਧ ਧਨ ਦੀ ਸ਼ਕਤੀ ਪ੍ਰਾਪਤ ਕਰਕੇ ਸਮੇ ਨਾਲ਼ ਭ੍ਰਿਸ਼ਟ ਹੁੰਦੇ ਗਏ। ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਦ ਸਮਝ ਕੇ ਧਾਰਮਿਕ ਮਰਯਾਦਾ ਤੋਂ ਉਲ਼ਟ ਵਿਹਾਰ ਕਰਨ ਲੱਗ ਪਏ। ਗੁਰੂ ਧਾਮਾਂ ਦੀ ਮਰਯਾਦਾ ਵਿਚ ਮਿਲਾਵਟ ਅਤੇ ਸਮੇ ਨਾਲ਼ ਬਹੁਤ ਸਾਰੀਆਂ ਸਿੱਖ ਧਰਮ ਦੇ ਵਿਰੁਧ ਕੁਰੀਤੀਆਂ ਹੋਣ ਲੱਗ ਪਈਆਂ। ਇਸ ਸਾਰੇ ਕੁਝ ਦੇ ਪਿੱਛੇ ਅੰਗ੍ਰੇਜ਼ੀ ਸਰਕਾਰ ਵੀ ਉਹਨਾਂ ਦੀ ਪੂਰੀ ਪਿੱਠ ਠੋਕਦੀ ਸੀ। ਇਹਨਾਂ ਕੁਰੀਤੀਆਂ ਵਿਚੋਂ ਇਕ ਇਹ ਵੀ ਸੀ ਕਿ ਪਛੜੀਆਂ ਸ਼੍ਰੇਣੀਆਂ ਵਿਚੋਂ ਸਜੇ ਸਿੱਖਾਂ ਵੱਲੋਂ ਲਿਆਂਦਾ ਗਿਆ ਪ੍ਰਸ਼ਾਦ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਪ੍ਰਵਾਨ ਨਹੀਂ ਸੀ ਕੀਤਾ ਜਾਂਦਾ।



੧੨ ਅਕਤੂਬਰ ੧੯੨੦ ਵਾਲ਼ੇ ਦਿਨ, ਜਲ੍ਹਿਆਂ ਵਾਲ਼ੇ ਬਾਗ ਵਿਚ ਇਹਨਾਂ ਸਿੱਖਾਂ ਵੱਲੋਂ ਦੀਵਾਨ ਸਜਾਇਆ ਗਿਆ ਤੇ ਓਥੋਂ, ਜੋ ਮੌਲਵੀ ਕਰੀਮ ਬਖ਼ਸ਼ ਤੋਂ ਪਰਵਾਰ ਸਮੇਤ ਸਿੱਖ ਸਜ ਕੇ, ਸ. ਲਖਬੀਰ ਸਿੰਘ ਜੀ ਬਣੇ, ਦੇ ਸਪੁੱਤਰ, ਸ. ਮਹਿਤਾਬ ਸਿੰਘ ਬੀਰ ਦੀ ਅਗਵਾਈ ਹੇਠ, ਪ੍ਰਸ਼ਾਦ ਲੈ ਕੇ ਸ੍ਰੀ ਦਰਬਾਰ ਸਾਹਿਬ ਗਏ। ਉਹਨਾਂ ਦੇ ਨਾਲ਼ ਖ਼ਾਲਸਾ ਕਾਲਜ ਦੇ ਕੁਝ ਪ੍ਰੋਫ਼ੈਸਰ ਵੀ ਸਨ। ਪੁਜਾਰੀਆਂ ਨੇ ਉਹਨਾਂ ਦੁਆਰਾ ਲਿਆਂਦਾ ਗਿਆ ਪ੍ਰਸ਼ਾਦ

ਸਵੀਕਾਰਨੋ ਨਾਂਹ ਕਰ ਦਿਤੀ। ਦੋਹਾਂ ਧਿਰਾਂ ਦਰਮਿਆਨ ਲੰਮੀ ਚੌੜੀ ਬਹਿਸ ਹੋਈ। ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਨੇ ਗਲ਼ ਵਿਚ ਪੱਲਾ ਪਾ ਕੇ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਨ ਵਾਸਤੇ ਪੁਜਾਰੀਆਂ ਨੂੰ ਬੇਨਤੀ ਕੀਤੀ ਪਰ ਪੁਜਾਰੀ ਟੱਸ ਤੋਂ ਮੱਸ ਨਾ ਹੋਏ। ਏਨੇ ਨੂੰ ਕੁਝ ਖਾੜਕੂ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਵੀ ਓਥੇ ਆ ਗਏ। ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੁਖਵਾਕ ਲਿਆ ਜਾਵੇ ਅਤੇ ਮੁਖਵਾਕ ਦੀ ਰੋਸ਼ਨੀ ਅਨੁਸਾਰ ਅਮਲ ਕੀਤਾ ਜਾਵੇ। ਉਸ ਸਮੇ ਇਹ ਮੁਖਵਾਕ ਇਹ ਆਇਆ:

**ਸੋਰਠਿ ਮਹਲਾ ੩ ਦੁਤੁਕੀ॥**
**ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥**
**ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥**
**ਹਰਿ ਜੀਉ ਆਪੇ ਬਖਸਿ ਮਿਲਾਇ॥**
**ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ਰਹਾਉ॥**
**ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥**
**ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥੨॥**
**ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥**
**ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥੩॥**
**ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥**
**ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥੪॥**
**ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥**
**ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥੫॥**
**ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥**
**ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥**
**ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥**
**ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥੭॥**
**ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥**
**ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥ (ਪੰਨਾ ੬੩੮)**

ਇਹ ਸੁਣ ਕੇ ਸਿੰਘਾਂ ਨੇ ਜੈਕਾਰਾ ਛੱਡ ਦਿਤਾ ਅਤੇ ਪੁਜਾਰੀਆਂ ਨੇ ਅਰਦਾਸ ਕਰਕੇ ਪ੍ਰਸ਼ਾਦ ਵਰਤਾ ਦਿਤਾ।

ਇਹ ਸਾਰਾ ਜਥਾ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਗਿਆ ਤਾਂ ਓਥੋਂ ਦੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਵਾ ਛੱਡ ਕੇ ਆਪਣੇ ਘਰਾਂ ਨੂੰ ਚਲੇ ਗਏ। ਤਖ਼ਤ ਸਾਹਿਬ ਖਾਲੀ ਵੇਖ ਕੇ ਸਿੰਘਾਂ ਨੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ਪੰਝੀ ਸਿੰਘਾਂ ਦਾ ਜਥਾ ਤਖ਼ਤ ਸਾਹਿਬ ਦੀ ਸੇਵਾ ਵਾਸਤੇ ਨਿਯੁਕਤ ਕਰ ਦਿਤਾ। ਇਹ ਸਾਰਾ ਵਾਕਿਆ, ੧੨ ਅਕਤੂਬਰ, ੧੯੨੦ ਵਾਲ਼ੇ ਦਿਨ ਵਾਪਰਿਆ।

ਸਿੱਖਾਂ ਦੇ ਹਿਰਦਿਆਂ ਅੰਦਰ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਵਾਸਤੇ ਵਿਚੇ ਵਿਚ ਕਸ਼ਮਕਸ਼ ਤਾਂ ਚਿਰਾਂ ਤੋਂ ਚੱਲ ਹੀ ਰਹੀ ਸੀ। ਇਸ ਤੋਂ ਪਹਿਲਾਂ ਭਾਰੀ ਜਦੋ ਜਹਿਦ ਨਾਲ਼ ਦੋ ਗੁਰਦੁਆਰਿਆਂ, ਲਾਹੌਰ ਵਿਚ ਚੁਮਾਲਾ ਸਾਹਿਬ ਅਤੇ ਸਿਆਲਕੋਟ ਵਿਚ ਬੇਰ ਸਾਹਿਬ ਦਾ ਪ੍ਰਬੰਧ ਮਹੰਤਾਂ ਤੋਂ, ਸਿਖਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸੰਭਾਲ਼

ਲਿਆ ਹੋਇਆ ਸੀ। ਇਸ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ, ਡਾ. ਗੁਰਬਖ਼ਸ਼ ਸਿੰਘ ਨੇ ਸਿੱਖ ਪੰਥ ਦੇ ਨਾਂ ਇਕ ਚਿਠੀ ਲਿਖ ਕੇ, ੧੫ ਨਵੰਬਰ ੧੯੨੦ ਵਾਲ਼ੇ ਦਿਨ, ਸ੍ਰੀ ਅਕਾਲ ਤਖ਼ਤ ਸਾਹਬਿ ਜੀ ਦੀ ਹਜ਼ੂਰੀ ਵਿਚ ਇਕੱਠ ਸੱਦ ਲਿਆ। ਇਸ ਭਾਰੀ ਪੰਥਕ ਇਕੱਠ ਵਿਚ, ੧੭੫ ਮੈਂਬਰਾਂ ਦੀ ਇਕ ਕਮੇਟੀ ਚੁਣੀ ਗਈ। ਇਸ ਤੋਂ ਦੋ ਕੁ ਦਿਨ ਪਹਿਲਾਂ ਅੰਗ੍ਰੇਜ਼ ਸਰਕਾਰ ਨੇ, ਪਟਿਆਲੇ ਦੇ ਮਹਾਂਰਾਜਾ ਭੂਪਿੰਦਰ ਸਿੰਘ ਦੀ ਸਲਾਹ 'ਤੇ, ਆਪਣੇ ਪੱਖੀ ਸਿੱਖਾਂ ਦੀ ਜੇਹੜੀ ੩੬ ਮੈਂਬਰੀ ਕਮੇਟੀ ਬਣਾ ਲਈ ਸੀ, ਉਹ ਸਾਰੀ ਕਮੇਟੀ ਵੀ ਇਸ ੧੭੫ ਵਾਲ਼ੀ ਕਮੇਟੀ ਵਿਚ ਸ਼ਾਮਲ ਕਰ ਲਈ ਗਈ ਤਾਂ ਕਿ ਇਸ ਮਸਲੇ 'ਤੇ ਸਰਕਾਰ ਨਾਲ਼ ਟੱਕਰ ਨਾ ਹੋ ਜਾਵੇ ਤੇ ਇਸ ਤੋਂ ਵੀ ਵੱਧ ਕੇ, ਸਮੇ ਦੇ ਪੰਥਕ ਆਗੂਆਂ ਨੇ ਹੋਰ ਵੀ ਸਿਆਣਪ ਇਹ ਕੀਤੀ ਕਿ ਸਰਕਾਰੀ ਕਮੇਟੀ ਦੇ ਹੀ, ਸਰ ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਹੀ ਸਕੱਤਰ ਬਣਾ ਲਿਆ ਗਿਆ। ਇਸ ਤਰ੍ਹਾਂ ਇਸ ਨਵੀਂ ਕਮੇਟੀ ਦੇ ਪਹਿਲੇ ਤਿੰਨ ਮੁਖ ਅਹੁਦੇਦਾਰ ਵੀ ਸਰਕਾਰੀ ਕਮੇਟੀ ਵਾਲ਼ੇ ਹੀ ਬਣਾ ਲਏ। ਨਵੀਂ ਕਮੇਟੀ ਦੇ ਸਕੱਤਰ ਸ. ਸੁੰਦਰ ਸਿੰਘ ਰਾਮਗੜ੍ਹੀਆ ਉਸ ਸਮੇ ਪਹਿਲਾਂ ਹੀ ਸਰਕਾਰ ਵੱਲੋਂ ਥਾਪੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਦੇ ਸਰਬਰਾਹ, ਅਰਥਾਤ ਮੁਖ ਪ੍ਰਬੰਧਕ ਸਨ। ਸਿਰਫ ਇਕ ਮੀਤ ਸਕੱਤਰ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਹੀ ਨਵਿਆਂ ਵਿਚੋਂ ਲਏ ਗਏ।



ਫਿਰ ਇਹ ਵਿਚਾਰ ਹੋਈ ਕਿ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਪਾਸੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਨ ਵਾਸਤੇ ਕੋਈ ਜਥਾ ਬਣਾਇਆ ਜਾਵੇ ਜੇਹੜਾ ਇਸ ਕਾਰਜ ਵਿਚ ਕਮੇਟੀ ਦੀ ਸਹਾਇਤਾ ਕਰੇ। ਏਥੋਂ ਹੀ ਆਰੰਭ ਹੁੰਦਾ ਹੈ ਇਤਿਹਾਸ ਸ਼੍ਰੋਮਣੀ ਅਕਾਲੀ ਦਲ ਦਾ। ੧੪ ਦਸੰਬਰ, ੧੯੨੦ ਵਾਲ਼ੇ ਦਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਸਿਰਜਣਾ ਕੀਤੀ ਗਈ ਤੇ ਇਸ ਦੀ ਚੋਣ ੨੩-੨੪ ਜਨਵਰੀ, ੧੯੨੧ ਵਾਲ਼ੇ ਦਿਨ ਹੋਈ। ਇਸ ਦੇ ਪਹਿਲੇ ਪ੍ਰਧਾਨ ਬਣਨ ਦਾ ਸੁਭਾਗ, ਝਬਾਲ ਪਿੰਡ ਦੇ ਵਾਸੀ ਸ. ਸਰਮੁਖ ਸਿੰਘ ਨੂੰ ਪ੍ਰਾਪਤ ਹੋਇਆ। ਇਹ ਆਪਣੇ ਦੂਜੇ ਦੋਹਾਂ ਭਰਾਵਾਂ, ਸ. ਅਮਰ ਸਿੰਘ ਅਤੇ ਸ. ਜਸਵੰਤ ਸਿੰਘ ਸਮੇਤ, ਉਸ ਸਮੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਹਰੀਆਂ ਵਿਚੋਂ ਸਨ।

ਇਸ ਜਥੇਬੰਦੀ ਦਾ ਨਾਂ, ਸ. ਹਰਚੰਦ ਸਿੰਘ ਲਾਇਲਪੁਰੀ ਅਤੇ ਮਾਸਟਰ ਸੁੰਦਰ ਸਿੰਘ ਵੱਲੋਂ ਮਈ, ੧੯੨੦ ਵਿਚ ਸ਼ੁਰੂ ਕੀਤੀ ਗਈ 'ਅਕਾਲੀ' ਅਖ਼ਬਾਰ ਦੇ ਪਾਠਕਾਂ ਵਿਚ ਪੈਦਾ ਹੋਈ, ਆਪਸੀ ਸਾਂਝ ਵਿਚੋਂ ਪੈਦਾ ਹੋਏ ਪੰਥਕ ਜਜ਼ਬੇ ਤੋਂ ਪ੍ਰੇਰਤ ਹੋ ਕੇ, 'ਸ਼੍ਰੋਮਣੀ ਅਕਾਲੀ ਦਲ' ਰੱਖਿਆ ਗਿਆ। ਉਹਨੀਂ ਦਿਨੀਂ ਇਸ ਅਖ਼ਬਾਰ ਦੇ ਪਾਠਕਾਂ ਵੱਲੋਂ ਪੰਜਾਬ ਦੇ ਵਾਤਾਵਰਨ ਵਿਚ ਆਪ ਮੁਹਾਰੇ ਹੀ "ਅਕਾਲ, ਅਕਾਲ" ਦੇ ਆਵਾਜ਼ੇ ਸੁਣਾਈ ਦੇਣ ਲੱਗ ਪਏ ਸਨ ਅਤੇ ਇਹਨਾਂ ਦੀ ਆਪਸ ਵਿਚ ਵਿਚਾਰਾਂ ਦੀ ਸਾਂਝ ਬਣ ਚੁੱਕੀ ਸੀ। ਇਸ ਅਖ਼ਬਾਰ ਨੇ ਸਿੱਖਾਂ ਵਿਚ ਸਿੱਖੀ, ਪੰਥਕ ਜਜ਼ਬੇ, ਆਪਣੇ ਗੁਰਧਾਮਾਂ ਦੇ ਪ੍ਰਬੰਧ ਦੇ ਸੁਧਾਰ, ਦੇਸ਼ ਦੀ ਆਜ਼ਾਦੀ, ਕੌਮੀ ਏਕਤਾ ਦੀ ਭਾਵਨਾ ਜਗਾਈ ਸੀ।

ਇਸ ਤੋਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਇਕੱਠਾ ਹੀ ਚੱਲਦਾ ਆ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖ ਪੰਥ ਸ਼ਾਂਤਮਈ ਮੋਰਚਿਆਂ ਰਾਹੀ, ਸਮੇ ਸਮੇ ਹਰੇਕ ਇਤਿਹਾਸਕ ਗੁਰਦੁਆਰੇ ਨੂੰ,

ਭ੍ਰਿਸ਼ਟਾਚਾਰੀ/ਅਣਭ੍ਰਿਸ਼ਟਾਚਾਰੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ, ਉਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਦਾ ਰਿਹਾ। ਇਕ ਇਕ ਗੁਰਦੁਆਰੇ ਦਾ ਇਤਿਹਾਸ, ਮਹੰਤਾਂ ਦੇ ਕੰਟ੍ਰੋਲ ਤੋਂ ਆਜ਼ਾਦ ਕਰਵਾਉਣ ਲਈ ਕੀਤੀ ਗਈ ਜਦੋ ਜਹਿਦ ਨੂੰ ਬਿਆਨ ਕਰਨ ਵਾਸਤੇ ਇਕੱਲੇ ਇਕੱਲੇ ਗੁਰਦੁਆਰੇ ਵਾਸਤੇ ਇਕ ਇਕ ਵੱਡਾ ਭਾਰਾ ਗ੍ਰੰਥ ਰਚਣ ਦੀ ਲੋੜ ਹੈ ਅਤੇ ਇਸ ਇਤਿਹਾਸ ਬਾਰੇ ਬਹੁਤ ਸਾਰੀਆਂ ਕਿਤਾਬਾਂ ਵੱਖ ਵੱਖ ਵਿੱਦਵਾਨਾਂ ਵੱਲੋਂ ਹੁਣ ਤੱਕ ਲਿਖੀਆਂ ਵੀ ਜਾ ਚੁੱਕੀਆਂ ਹਨ।

੧੯੨੦ ਤੋਂ ਲੈ ਕੇ ਹੁਣ ਤੱਕ ਗੁਰਦੁਆਰਾ ਸਾਹਿਬਾਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਆਉਂਦੇ ਰਹੇ ਅਤੇ ਆ ਰਹੇ ਹਨ। ਅਗੱਸਤ ੧੯੪੭ ਵਿਚ ਪਾਕਿਸਤਾਨ ਬਣਨ ਸਮੇ, ਉਸ ਦੇਸ਼ ਦੀ ਹੱਦ ਅੰਦਰ ਆਉਣ ਵਾ਼ਲੇ ਬਹੁਤੇ ਗੁਰਦੁਆਰੇ, ਸਮੇਤ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਆਦਿ ਮੁਖੀ ਇਤਿਹਾਸਕ ਗੁਰਦੁਆਰਿਆਂ ਦੇ, ਓਧਰ ਰਹਿ ਜਾਣ ਕਰਕੇ, ਸ਼੍ਰੋਮਣੀ ਕਮੇਟੀ ਦੇ ਹੱਥੋਂ ਉਹਨਾਂ ਦਾ ਪ੍ਰਬੰਧ ਨਿਕ਼ਲ ਗਿਆ ਤੇ ਉਹ ਪਾਕਿਸਤਾਨ ਵੱਲੋਂ ਬਣਾਏ ਗਏ ਵਕਫ਼ ਬੋਰਡ ਦੇ ਪ੍ਰਬੰਧ ਵਿਚ ਚਲੇ ਗਏ।

ਸੰਖੇਪ ਵਿਚ:


ਅੰਮ੍ਰਿਤਸਰ ਦੇ ਗੁਰਦੁਆਰਿਆਂ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਦੋ ਸਿੰਘਾਂ ਦੀ ਸ਼ਹੀਦੀ ਨਾ਼ਲ ੨੬ ਜਨਵਰੀ ੧੯੨੧ ਨੂੰ, ਕਮੇਟੀ ਦੇ ਪ੍ਰਬੰਧ ਵਿਚ ਆਇਆ। ਫਰਵਰੀ ੧੯੨੧ ਵਿਚ ਕੇਰ ਸਾਹਿਬ, ਮਾਛੀ ਕੇ, ਸ਼ੇਖੂਪੁਰਾ ਅਤੇ ਖਡੂਰ ਸਾਹਿਬ ਮਹੰਤਾਂ ਪਾਸੋਂ ਆਜ਼ਾਦ ਕਰਵਾ ਲਏ ਗਏ। ੨੦ ਫਰਵਰੀ ਵਾ਼ਲੇ ਦਿਨ ਸ. ਲਛਮਣ ਸਿੰਘ ਧਾਰੋਵਾ਼ਲੀ ਦੀ ਅਗਵਾਈ ਹੇਠ, ਸੈਂਕੜੇ ਸ਼ਹੀਦੀਆਂ ਦੇ ਕੇ, ੨੧ ਫਰਵਰੀ ਨੂੰ ਨਨਕਾਣਾ ਸਾਹਿਬ ਵੀ ਮਹੰਤ ਨਰੈਣ ਦਾਸ ਪਾਸੋਂ ਆਜ਼ਾਦ ਕਰਵਾ ਲਿਆ ਗਿਆ। ਮਾਰਚ ੧੯੨੧ ਨੂੰ ਪਿਸ਼ੌਰ ਵਿਚਲਾ ਭਾਈ ਜੋਗਾ ਸਿੰਘ ਗੁਰਦੁਆਰਾ ਵੀ ਪੰਥਕ ਪ੍ਰਬੰਧ ਹੇਠ ਆ ਗਿਆ। ਮਾਰਚ ਵਿਚ ਹੀ ਗੁਰਦੁਆਰਾ ਕਮਾਲੀਆ ਦਾ ਪ੍ਰਬੰਧ ਵੀ ਲੈ ਲਿਆ ਗਿਆ। ਏਸੇ ਸਮੇ ਗੁਰੂਸਰ ਸਤਲਾਣੀ ਦਾ ਗੁਰਦੁਆਰਾ ਵੀ ਪੰਥਕ ਪ੍ਰਬੰਧ ਵਿਚ ਆ ਗਿਆ। ੧੯੨੨ ਵਿਚ ਬਹੁਤ ਭਾਰੀ ਕੁਰਬਾਨੀਆਂ ਨਾ਼ਲ ਗੁਰਦੁਆਰਾ ਗੁਰੂ ਕਾ ਬਾਗ ਵੀ ਮਿ਼ਲ ਗਿਆ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਗੁਰਦੁਆਰੇ, ਸ਼੍ਰੋਮਣੀ ਅਕਾਲੀ ਦਲ ਦੀ ਜਦੋ ਜਹਿਦ ਅਤੇ ਕੁਰਬਾਨੀਆਂ ਨਾ਼ਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਪੰਥਕ ਪ੍ਰਬੰਧ ਹੇਠ ਆਉਂਦੇ ਰਹੇ।

ਏਸੇ ਦੌਰਾਨ ਖ਼ਾਲਸਾ ਕਾਲਜ ਅੰਮ੍ਰਿਤਸਰ, ਗੁਰਦੁਆਰਾ ਰਕਾਬਗੰਜ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਥਕ ਸੰਭਾ਼ਲ, ਅਕਾਲੀ ਅਖ਼ਬਾਰ, ਦੋਵੇਂ ਪੰਥਕ ਜਥੇਬੰਦੀਆਂ ਦਾ ਬਣਨਾ ਆਦਿ ਵਾਸਤੇ ਕੀਤੀ ਜਾ ਰਹੀ ਜਦੋ ਜਹਿਦ ਵਾ਼ਲੀਆਂ ਪੰਥਕ ਸਰਗਰਮੀਆਂ ਨੇ, ਸਿੱਖ ਕੌਮ ਵਿਚ ਬਹੁਤ ਜੋਸ਼ ਅਤੇ ਉਤਸ਼ਾਹ ਭਰ ਦਿਤਾ ਸੀ। ਇਸ ਤੋਂ ਅੱਗੇ ਸ਼੍ਰੋਮਣੀ ਅਕਾਲੀ ਦਲ ਸ਼ਹੀਦੀਆਂ, ਕੁਰਬਾਨੀਆਂ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਪ੍ਰਾਪਤ ਕਰਨ ਦੇ ਨਾ਼ਲ ਨਾ਼ਲ, ਦੇਸ ਦੀ ਆਜ਼ਾਦੀ, ਪੰਜਾਬੀ ਸੂਬਾ ਬਣਵਾ ਕੇ, ਇਸ ਦੀ ਸਰਕਾਰ ਬਣਾ ਕੇ, ਸਿੱਖ ਕੌਮ ਦੀ ਸਰਬਪੱਖੀ ਅਗਵਾਈ ਕਰਦਾ ਆ ਰਿਹਾ ਹੈ।

ਪਹਿਲਾਂ ਪਹਿਲ ੧੪ ਦਸੰਬਰ, ੧੯੨੦ ਵਾ਼ਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜੂਰੀ ਵਿਚ, ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ, ਕੇਵਲ ਗੁਰਦੁਆਰਾ ਸਾਹਿਬਾਨ ਨੂੰ ਅੰਗ੍ਰੇਜ਼ੀ ਸਰਕਾਰ ਪੱਖੀ ਮਹੰਤਾਂ ਤੋਂ ਛੁਡਵਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਲਿਆਉਣ ਲਈ ਹੀ ਹੋਈ ਸੀ। ਸਿਆਸੀ ਖੇਤਰ ਵਿਚਲੀਆਂ ਸਰਗਰਮੀਆਂ ਵਾਸਤੇ ਸਿੱਖ ਲੀਗ ਬਣਾਈ ਗਈ ਸੀ ਤਾਂ ਕਿ ਇਸ ਖੇਤਰ ਵਿਚ ਅੰਗ੍ਰੇਜ਼ ਪੱਖੀ ਸਿੱਖ ਜਥੇਬੰਦੀ ਚੀਫ਼

ਖ਼ਾਲਸਾ ਦੀਵਾਨ ਦਾ ਥਾਂ ਲਿਆ ਜਾ ਸਕੇ। ਇਹਨਾਂ ਤਿੰਨਾਂ ਹੀ ਜਥੇਬੰਦੀਆਂ ਵਿਚ ਸਾਂਝੇ ਮੀਂਝੇ ਜਿਹੇ ਆਗੂ ਹੀ ਮੋਹਰਲੀ ਕਤਾਰ ਵਿਚ ਸਨ। ਫਿਰ ਹੌਲ਼ੀ ਹੌਲ਼ੀ ਸਿੱਖ ਲੀਗ ਮੋਹਰਲੀਆਂ ਸਫਾਂ ਵਿਚੋਂ ਪਿਛਾਂਹ ਹੋ ਗਈ ਜਾਂ ਦਲ ਦੇ ਵਿਚ ਹੀ ਮਰਜ ਹੋ ਗਈ ਅਤੇ ਸਿੱਖ ਪੰਥ ਦੀ ਸਿਆਸੀ ਅਗਵਾਈ ਵੀ ਸ਼੍ਰੋਮਣੀ ਅਕਾਲੀ ਦਲ ਨੇ ਹੀ ਸੰਭਾਲ਼ ਲਈ।

ਪੰਜ ਸਾਲ ਦੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਿਦਾਇਤਾਂ ਅਨੁਸਾਰ, ਸ਼੍ਰੋਮਣੀ ਅਕਾਲੀ ਦਲ਼ ਦੀ ਅਗਵਾਈ ਹੇਠ, ਸਿੱਖ ਪੰਥ ਨੇ ਬੇਅੰਤ ਕੁਰਬਾਨੀਆਂ ਕੀਤੀਆਂ ਅਤੇ ਪੰਜ ਸੌ ਸ਼ਹੀਦੀਆਂ ਦਿਤੀਆਂ। ਇਸ ਜਦੋ ਜਹਿਦ ਦੌਰਾਨ ਕਾਂਗਰਸ ਸਮੇਤ ਕੁਝ ਹੋਰ ਪਾਰਟੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਇਖਲਾਕੀ ਸਹਾਇਤਾ ਪ੍ਰਾਪਤ ਹੁੰਦੀ ਰਹੀ। ੧੯੪੭ ਤੱਕ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਕਾਂਗਰਸ ਸਿਆਸੀ ਮੈਦਾਨ ਵਿਚ ਮਿਲ਼ ਕੇ ਚੱਲਦੇ ਰਹੇ। ਬਾਬਾ ਖੜਕ ਸਿੰਘ ਸ਼੍ਰੋਮਣੀ ਅਕਾਲੀ ਦਲ, ਸਿੱਖ ਲੀਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਕਾਂਗਰਸ ਦੇ ਇਕੋ ਸਮੇ ਪ੍ਰਧਾਨ ਰਹੇ। ੧੯੩੫ ਤੱਕ ਬਾਬਾ ਖੜਕ ਸਿੰਘ ਜੀ ਨੂੰ ਸਿੱਖ ਪੰਥ ਦੇ ਬੇਤਾਜ ਬਾਦਸ਼ਾਹ ਦਾ ਮਾਣ ਸਿੱਖ ਪੰਥ ਨੇ ਬਖ਼ਸ਼ਿਆ ਅਤੇ ਬਾਬਾ ਜੀ ਦੀ ਅਗਵਾਈ ਹੇਠ ਹੀ ਪੰਥ ਅੰਗ੍ਰੇਜ਼ ਸਰਕਾਰ ਖ਼ਿਲਾਫ਼ ਜਦੋ ਜਹਿਦ ਕਰਦਾ ਰਿਹਾ। ਇਸ ਪਿਛੋਂ ਸਿੱਖ ਪੰਥ ਦੇ ਆਗੂ ਮਾਸਟਰ ਤਾਰਾ ਸਿੰਘ ਜੀ ਦੇ ਬਣੇ, ਜੋ ੧੯੬੫ ਤੱਕ ਕੌਮ ਨੂੰ ਅਗਵਾਈ ਦਿੰਦੇ ਰਹੇ ਪਰ ਇਸ ਦੇ ਨਾਲ਼ ਹੀ ੧੯੬੨ ਤੋਂ ਸੰਤ ਫਤਹਿ ਸਿੰਘ ਜੀ ਪੰਥਕ ਮੈਦਾਨ ਵਿਚ, ਮਾਸਟਰ ਜੀ ਦੇ ਮੁਕਾਬਲੇ ਉਪਰ ਆ ਗਏ। ਸਿੱਖ ਕੌਮ ਨੇ ੧੯੬੫ ਦੀਆਂ ਗੁਰਦੁਆਰਾ ਚੋਣਾਂ ਵਿਚ ਸੰਤ ਫ਼ਤਿਹ ਸਿੰਘ ਜੀ ਵਾਲ਼ੇ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤਾ ਕੇ, ਸੰਤ ਜੀ ਦੀ ਅਗਵਾਈ ਨੂੰ ਪ੍ਰਵਾਨ ਕਰ ਲਿਆ। ਮਾਸਟਰ ਤਾਰਾ ਸਿੰਘ ਜੀ ਨੇ ਸੰਤ ਜੀ ਵਾਸਤੇ ਪੰਥਕ ਮੈਦਾਨ ਛੱਡ ਦਿਤਾ ਪਰ ਆਪਣੇ ਧੜੇ ਦਾ ਦਲ ਕਾਇਮ ਰੱਖਿਆ।




੧੯੨੫ ਵਾਲ਼ੇ ਐਕਟ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਦਾ ਨਾਂ ਰੱਖਣਾ ਮਨਜ਼ੂਰ ਨਹੀਂ ਸੀ ਕੀਤਾ। ਸਰਕਾਰ ਨੇ ਐਕਟ ਵਿਚ ਇਸ ਦਾ ਨਾਂ 'ਗੁਰਦੁਆਰਾ ਸੈਂਟਰਲ ਬੋਰਡ' ਰੱਖਿਆ ਸੀ। ਇਹ ਗੁਰਦੁਆਰਾ ਐਕਟ ਬਣਨ ਨਾਲ਼ ਇਸ ਮਸਲੇ ਤੇ ਸਰਕਾਰ ਅਤੇ ਸਿੱਖਾਂ ਦੀ ਲੜਾਈ ਮੁੱਕ ਗਈ ਪਰ ਗਵਰਨਰ ਹੇਲੀ ਨੂੰ ਅਕਾਲੀ ਆਗੂਆਂ ਵਿਚ ਫੁੱਟ ਪਾਉਣ ਲਈ ਇਕ ਸ਼ਰਾਰਤ ਸੁੱਝੀ। ਉਸ ਨੇ ਇਹ ਸ਼ਰਤ ਰੱਖ ਦਿਤੀ ਕਿ ਜੇਹੜੇ ਆਗੂ ਇਹ ਲਿਖ ਕੇ ਦੇਣ ਕਿ ਉਹ ਇਸ ਐਕਟ ਉਪਰ ਅਮਲ ਕਰਨਗੇ ਉਹ ਹੀ ਰਿਹਾ ਕੀਤੇ ਜਾਣਗੇ, ਬਾਕੀ ਦੇ ਨਹੀਂ। ਬਾਬਾ ਖੜਕ ਸਿੰਘ ਜੀ ਸ਼ਾਇਦ ਉਸ ਸਮੇ ਮੀਆਂ ਵਾਲ਼ੀ ਜੇਹਲ ਵਿਚ ਸਨ ਪਰ ਬਾਕੀ ਦੇ ਮੁਖੀ ਅਕਾਲੀ ਆਗੂ ਲਾਹੌਰ ਵਿਚਲੀ ਜੇਹਲ ਵਿਚ ਕੈਦ ਸਨ। ਉਹਨਾਂ ਵਿਚੋਂ ਬਹੁਮੱਤ ਨੇ ਇਹ ਕਹਿ ਕੇ ਸ਼ਰਤ ਮੰਨ ਲਈ ਕਿ ਅਸੀਂ ਹੀ ਤੇ ਕੁਰਬਾਨੀਆਂ ਦੇ ਕੇ ਇਹ ਐਕਟ ਬਣਵਾਇਆ ਹੈ ਅਤੇ ਅਸੀਂ ਤੇ ਇਸ ਉਪਰ ਅਮਲ ਕਰਨਾ ਹੀ ਕਰਨਾ ਹੈ। ਬਾਹਰ ਆਉਣ ਵਾਲ਼ਿਆਂ ਦਾ ਮੁਖੀ ਆਗੂ, ਸਰਦਾਰ ਬਹਾਦਰ ਮਹਿਤਾਬ ਸਿੰਘ ਸੀ। ਇਉਂ ਜੇਹਲੋਂ ਬਾਹਰ ਆ ਕੇ ਗੁਰਦੁਆਰਾ ਪ੍ਰਬੰਧ ਉਪਰ ਇਸ ਗਰੁਪ ਦਾ ਕਬਜਾ

ਹੋ ਗਿਆ। ਸ਼ਰਤ ਨਾ ਮੰਨਣ ਵਾਲ਼ਿਆਂ ਦਾ ਆਗੂ, ਜਥੇਦਾਰ ਤੇਜਾ ਸਿੰਘ ਸਮੁੰਦਰੀ ਸੀ, ਜਿਸ ਦੇ ਨਾਂ ਉਪਰ ਅੰਮ੍ਰਿਤਸਰ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਹੈ। ਇਸ ਹਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖ ਦਫ਼ਤਰ ਹੈ। ਜਥੇਦਾਰ ਤੇਜਾ ਸਿੰਘ ਸਮੁੰਦਰੀ ਜੀ ਦੀ ਜੇਹਲ ਵਿਚ ਹੀ ਮੌਤ ਹੋ ਜਾਣ ਕਰਕੇ ਫਿਰ ਉਸ ਗਰੁਪ ਦੇ ਆਗੂ ਮਾਸਟਰ ਤਾਰਾ ਸਿੰਘ ਜੀ ਬਣ ਗਏ। ਬਣੇ ਐਕਟ ਅਨੁਸਾਰ, ੧੯੨੬ ਵਿਚ ਗੁਰਦੁਆਰਾ ਸੈਂਟਰਲ ਬੋਰਡ ਦੀਆਂ ਪਹਿਲੀਆਂ ਚੋਣਾਂ ਹੋਈਆਂ। ਇਸ ਵਿਚ ਪੰਥ ਦੇ ਦੋ ਗਰੁਪਾਂ ਨੇ ਭਾਗ ਲਿਆ। ਇਕ ਪਾਸੇ ਪ੍ਰਬੰਧ ਉਪਰ ਕਾਬਜ ਸਰਦਾਰ ਬਹਾਦਰ ਪਾਰਟੀ ਨੇ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਨਾਂ ਦੀ ਪਾਰਟੀ ਦੇ ਨਾਂ ਹੇਠ ਅਤੇ ਦੂਜੇ ਜੇਹਲ ਵਾਲ਼ੇ ਗਰੁਪ ਨੇ 'ਸ਼੍ਰੋਮਣੀ ਅਕਾਲੀ ਦਲ' ਦੇ ਨਾਂ ਹੇਠ, ਭਾਗ ਲਿਆ। ਸਿੱਖ ਵੋਟਰਾਂ ਨੇ 'ਸ਼੍ਰੋਮਣੀ ਅਕਾਲੀ ਦਲ' ਦੇ ਹੱਕ ਵਿਚ ਵੋਟਾਂ ਪਾ ਕੇ ਜਿਤਾ ਦਿਤਾ। ਚੁਣੇ ਗਏ ਮੈਂਬਰਾਂ ਨੇ, ਸ. ਮੰਗਲ ਸਿੰਘ ਅਕਾਲੀ ਦੀ ਪ੍ਰਧਾਨਗੀ ਹੇਠ, ਟਾਊਨ ਹਾਲ ਵਿਚ ਕੀਤੀ ਗਈ ਆਪਣੀ ਪਹਿਲੀ ਮੀਟਿੰਗ ਵਿਚ ਹੀ, ਨਾਮਜ਼ਦ ਹੋਣ ਵਾਲ਼ੇ ਮੈਂਬਰਾਂ ਨੂੰ ਨਾਮਜ਼ਦ ਕਰਨ ਪਿੱਛੋਂ, ਸੈਂਟਰਲ ਗੁਰਦੁਆਰਾ ਬੋਰਡ ਦਾ ਨਾਂ ਬਦਲ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ।

ਇਸ ੧੯੨੫ ਵਾਲ਼ੇ ਗੁਰਦੁਆਰਾ ਐਕਟ ਨੇ, ਜਿਥੇ ਇਹਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਵੱਲੋਂ ਚੁਣੇ ਗਏ ਆਗੂਆਂ ਦੇ ਹੱਥਾਂ ਵਿਚ ਦਿਤਾ ਓਥੇ ਪੰਥ ਵਿਚ, ਤਤਕਾਲੀ ਪੰਜਾਬ ਗਵਰਨਰ ਮਿਸਟਰ ਹੇਲੀ ਦੀ ਕੂਟਲਨੀਤੀ ਨਾਲ਼, ਪੰਥ ਵਿਚ ਸਦੀਵੀ ਫੁੱਟ ਦੇ ਬੀ ਬੀਜ ਦਿਤੇ।

ਪੰਜਾਬ ਕੌਂਸਲ ਵਿਚ, ੧੯੨੫ ਵਿਚ ਗੁਰਦੁਆਰਾ ਐਕਟ ਪਾਸ ਹੋ ਕੇ ਪੰਜਾਬ ਵਿਚਲੇ ਤਕਰੀਬਨ ਸਾਰੇ ਮੁਖੀ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ਼ ਆ ਜਾਣ ਨਾਲ਼, ਗੁਰਦੁਆਰਿਆਂ ਨੂੰ ਮਹੰਤਾਂ ਪਾਸੋਂ ਆਜ਼ਾਦ ਕਰਵਾਉਣ ਪਿੱਛੋਂ ਫਿਰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਨਾਲ਼ ਰਲ਼ ਕੇ ਦੇਸ ਨੂੰ ਆਜ਼ਾਦ ਕਰਵਾਉਣ ਵਾਲ਼ੀ ਜਦੋ ਜਹਿਦ ਦਾ ਮੋਹਰੀ ਹਿੱਸਾ ਬਣ ਗਿਆ ਤੇ ੧੯੪੭ ਤੱਕ ਦੇਸ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਦਾ ਰਿਹਾ। ਦੇਸ ਆਜ਼ਾਦੀ ਦੇ ਸੰਘਰਸ਼ ਵਿਚ ਸਿੱਖਾਂ ਨੇ ਨੱਬੇ ਫੀ ਸਦੀ ਦੇ ਕਰੀਬ ਕੁਰਬਾਨੀਆਂ ਕੀਤੀਆਂ।

ਇਕ ਖਾਸ ਘਟਨਾ ਦਾ ਜ਼ਿਕਰ ਰਹਿ ਹੀ ਚੱਲਿਆ ਸੀ। ਭਾਵੇਂ ਕਿ ਉਹਨੀਂ ਦਿਨੀਂ ਪੰਜਾਬ ਵਿਚ ਵੀ ਮੁਸਲਿਮ ਲੀਗ ਦਾ ਪ੍ਰਭਾਵ ਵਧ ਚੁੱਕਿਆ ਸੀ ਤੇ ਪੰਜਾਬ ਅਸੈਂਬਲੀ ਵਿਚ ਸਭ ਤੋਂ ਵੱਡੀ ਪਾਰਟੀ ਮੁਸਲਿਮ ਲੀਗ ਹੀ ਸੀ ਪਰ ਸਰਕਾਰ, ਮੁਸਲਮਾਨਾਂ ਦੀ ਯੂਨੀਅਨਸਿਟ ਪਾਰਟੀ ਦੀ ਅਗਵਾਈ ਵਿਚ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਮੂਲੀਅਤ ਨਾਲ਼, ਤਿੰਨਾਂ ਕੌਮਾਂ ਦੀ ਸਾਂਝੀ ਸੀ ਅਤੇ ਇਸ ਸਰਕਾਰ ਦਾ ਮੁਖੀ, ਮੁਸਲਮਾਨਾਂ ਦੀ ਯੂਨੀਅਨਸਿਟ ਪਾਰਟੀ ਦਾ ਆਗੂ, ਸਰ ਸਿਕੰਦਰ ਹਯਾਤ ਖਾਂ ਟਿਵਾਣਾ ਸੀ। ਟਿਵਾਣੇ ਨੇ ਮੁਸਲਿਮ ਲੀਗ ਦੇ ਦਬਾ ਹੇਠ ਆ ਕੇ, ੨ ਮਾਰਚ, ੧੯੪੭ ਵਾਲ਼ੇ ਦਿਨ ਅਸਤੀਫਾ ਦੇ ਦਿਤਾ ਤੇ ਉਹ ਤਿੰਨਾਂ ਕੌਮਾਂ ਦੀ ਸਾਂਝੀ ਸਰਕਾਰ ਟੁੱਟ ਗਈ।

ਇਹ ਸਰਕਾਰ ਟੁੱਟਣ ਪਿੱਛੋਂ ਅਸੈਂਬਲੀ ਵਿਚ ਸਭ ਤੋਂ ਵੱਡੀ ਪਾਰਟੀ ਮੁਸਲਿਮ ਲੀਗ ਨੂੰ ਸਰਕਾਰ ਬਣਾਉਣ ਲਈ ਗਵਰਨਰ ਨੇ ਸੱਦਾ ਦੇ ਦਿਤਾ ਤੇ ਮੁਸਲਿਮ ਲੀਗੀਏ ੩ ਮਾਰਚ ਵਾਲ਼ੇ ਦਿਨ, ਆਪਣੇ ਪੰਜਾਬ ਦੇ ਪ੍ਰਧਾਨ, ਨਵਾਬ ਮਮਦੋਟ ਇਫ਼ਤਿਖ਼ਾਰੁਦੀਨ ਦੀ ਅਗਵਾਈ ਹੇਠ, ਅਸੈਂਬਲੀ ਹਾਲ ਵੱਲ ਭਾਰੀ ਹਜੂਮ ਦੇ ਨਾਲ਼, ਪਾਕਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਾਉਂਦੇ ਹੋਏ ਆ ਰਹੇ ਸਨ। ਇਹ ਕੁਝ ਮੈਂ ਕਿਸੇ ਕਿਤਾਬ ਜਾਂ ਅਖ਼ਬਾਰ ਵਿਚ ਲਿਖਿਆ ਨਹੀਂ ਹੁਣ ਤੱਕ ਪੜ੍ਹਿਆ ਅਤੇ ਨਾ ਹੀ ਮੈਂ ਉਸ ਸਮੇ ਓਥੇ ਸਾਂ। ਮੈਂ ਉਹ ਬਿਆਨ ਕਰਨ ਲੱਗਾ ਹਾਂ ਜੋ ਉਸ ਸਮੇ ਬਤੌਰ ਐਮ.ਐਲ.ਏ. ਦੇ, ਉਸ ਸਮੇ ਓਥੇ ਹਾਜਰ ਸੱਜਣ ਨੇ ਆਪਣੇ ਸਾਹਮਣੇ ਵਾਪਰਿਆ, ੧੯੭੧/੭੨ ਦੇ ਨੇੜੇ ਤੇੜੇ

ਆਪਣੀ ਜ਼ਬਾਨੀ ਮੈਨੂੰ ਦੱਸਿਆ। ਉਸ ਸੱਜਣ ਦਾ ਨਾਂ ਸ. ਹਰਚਰਨ ਸਿੰਘ ਬਾਜਵਾ ਸੀ ਜੋ ੧੯੪੭ ਵਿਚ, ਸਿਆਲਕੋਟੋਂ ਕਾਦੀਆਂ ਆ ਕੇ ਵੱਸੇ ਸਨ। ਉਹਨਾਂ ਨੇ ਦੱਸਿਆ ਕਿ ਅਸੀਂ ਸਾਰੇ ਹਿੰਦੂ ਤੇ ਸਿੱਖ ਐਮ.ਐਲ.ਏ., ਸਣੇ ਇਕ ਦਿਨ ਪਹਿਲਾਂ ਗੱਦੀਉਂ ਲੱਥੇ ਹਿੰਦੂ ਸਿੱਖ ਵਜ਼ੀਰਾਂ ਦੇ, ਅਸੈਂਬਲੀ ਹਾਲ ਦੇ ਬਾਹਰਵਾਰ ਬਰਾਂਡੇ ਦੀਆਂ ਪਉੜੀਆਂ ਉਪਰ ਖਲੋਤੇ ਸਾਂ। ਉਹਨਾਂ ਵਿਚ ਗੋਪੀ ਚੰਦ ਭਾਰਗੋ, ਭੀਮ ਸੈਨ ਸੱਚਰ, ਸ. ਸਵਰਨ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਸ. ਈਸ਼ਰ ਸਿੰਘ ਮਝੈਲ, ਸ. ਉਜਲ ਸਿੰਘ ਆਦਿ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਪਾਰਟੀਆਂ ਦੇ ਸਾਰੇ ਹੀ ਲੈਜਿਸਲੇਟਰ ਸ਼ਾਮਲ ਸਨ। ਮਾਸਟਰ ਤਾਰਾ ਸਿੰਘ ਭਾਵੇਂ ਅਸੈਂਬਲੀ ਦੇ ਮੈਂਬਰ ਤਾਂ ਨਹੀਂ ਸਨ ਪਰ ਉਸ ਸਮੇ ਦੌਰਾਨ ਪਾਕਿਸਤਾਨ ਨੂੰ ਬਣਨ ਤੋਂ ਰੋਕਣ ਅਤੇ ਮੁਸਲਿਮ ਲੀਗ ਦਾ ਟਾਕਰਾ ਕਰਨ ਵਾਸਤੇ, ਹਿੰਦੂ ਤੇ ਸਿੱਖਾਂ ਨੇ ਉਹਨਾਂ ਨੂੰ ਆਪਣਾ ਸਾਂਝਾ 'ਡਿਕਟੇਟਰ' ਬਣਾਇਆ ਹੋਇਆ ਸੀ। ਮਾਸਟਰ ਜੀ ਸਾਰਿਆਂ ਦੇ ਅੱਗੇ ਖਲੋਤੇ ਹੋਏ ਸਨ। ਜਿਉਂ ਹੀ ਪਾਕਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਾਉਂਦੀ ਹੋਈ ਭੀੜ ਨੇੜੇ ਆਈ ਤਾਂ ਮਾਸਟਰ ਤਾਰਾ ਸਿੰਘ ਜੀ ਨੇ, ਸਦਾ ਹੀ ਆਪਣੇ ਹੱਥਾਂ ਵਿਚ ਰੱਖਣ ਵਾਲ਼ੀ ਸਿੱਧੀ ਤੇ ਲੋਹੇ ਦੇ ਚਿੱਟੇ ਮਿਆਨ ਵਾਲ਼ੀ ਕ੍ਰਿਪਾਨ ਕੱਢ ਕੇ ਤੇ ਉਚੀ ਲਹਿਰਾ ਕੇ ਪਾਕਿਸਤਾਨ ਮੁਰਦਾਬਾਦ ਦਾ ਨਾਹਰਾ ਲਾ ਦਿਤਾ। ਬਾਜਵਾ ਜੀ ਕਹਿੰਦੇ ਹਨ ਕਿ ਅਸੀਂ ਸਾਰੇ ਡਰ ਗਏ ਇਹ ਸੋਚ ਕੇ ਕਿ ਇਹ ਭੀੜ ਤੇ ਸਾਨੂੰ ਮਾਰ ਦਏਗੀ! ਮਾਸਟਰ ਜੀ ਵੱਲੋਂ ਲਾਏ ਗਏ ਇਸ ਜਵਾਬੀ ਨਾਹਰੇ ਨਾਲ਼, ਭੀੜ ਵਿਚ ਤੇ ਭਾਵੇਂ ਗੁੱਸਾ ਵਧਿਆ ਪਰ ਭੀੜ ਦੇ ਆਗੂ, ਨਵਾਬ ਮਮਦੋਟ ਇਫ਼ਤਿਖ਼ਾਰੁਦੀਨ ਨੇ ਅੱਗੇ ਵਧ ਕੇ ਮਾਸਟਰ ਜੀ ਦੇ ਗੋਡੀਂ ਹੱਥ ਲਾ ਦਿਤਾ। ਇਸ ਨਾਲ਼ ਪਾਸਾ ਹੀ ਪਲ਼ਟ ਗਿਆ। ਭੀੜ ਸਾਡੇ ਉਪਰ ਹਮਲਾ ਕਰਨੋ ਰੁਕ ਗਈ। ਫਿਰ ਪੁਲਿਸ ਨੇ ਵੀ ਭੀੜ ਨੂੰ ਖਿੰਡਾ ਦਿਤਾ। ਇਸ ਰੌਲ਼ੇ ਗੌਲ਼ੇ ਵਿਚ ਗਵਰਨਰ ਨੇ ਮੁਸਲਿਮ ਲੀਗ ਦੀ ਸਰਕਾਰ ਬਣਦੀ ਰੋਕ ਕੇ, ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰ ਦਿਤਾ ਤੇ ਮੁਸਲਿਮ ਲੀਗ ਸਰਕਾਰ ਬਣਾਉਂਦੀ ਬਣਾਉਂਦੀ ਰਹਿ ਗਈ। ਇਸ ਗੱਲ ਦਾ ਮੁਸਲਮਾਨਾਂ ਵਿਚ ਪ੍ਰਚਾਰ ਹੋ ਗਿਆ ਕਿ ਮਾਸਟਰ ਜੀ ਦੇ ਝੰਡਾ ਵੱਢਣ ਕਰਕੇ ਹੀ ਪੰਜਾਬ ਵਿਚ ਮੁਸਲਮਾਨਾਂ ਦੀ ਸਰਕਾਰ ਬਣਨੋ ਰਹਿ ਗਈ ਅਤੇ ਸਾਰਾ ਪੰਜਾਬ ਪਾਕਿਸਤਾਨ ਵਿਚ ਨਾ ਜਾ ਸਕਣ ਕਰਕੇ, ਪਾਕਿਸਤਾਨ ਲੰਗੜਾ ਬਣਿਆ।

ਅਗਲੇ ਦਿਨ ਪੰਜਾਬ ਦੇ ਉਸ ਸਾਰੇ ਪ੍ਰੈਸ ਵਿਚ, ਜੇਹੜਾ ਫਿਰਕਾ ਪ੍ਰਸਤਾਂ ਦੇ ਅਸਰ ਹੇਠ ਸੀ, ਰੌਲ਼ਾ ਪੈ ਗਿਆ ਕਿ ਮਾਸਟਰ ਤਾਰਾ ਸਿੰਘ ਨੇ ਪਾਕਿਸਤਾਨ ਦਾ ਝੰਡਾ ਵੱਢ ਦਿਤਾ। ਝੰਡਾ ਚੜ੍ਹਨ ਹੀ ਨਹੀਂ ਸੀ ਦਿਤਾ ਤੇ ਜੇਹੜਾ ਚੜ੍ਹਿਆ ਹੀ ਨਹੀਂ ਸੀ ਉਹ ਵੱਢਿਆ ਕਿਵੇਂ ਗਿਆ! ਅਖ਼ਬਾਰਾਂ ਦੇ ਇਸ ਝੰਡਾ ਵੱਢਣ ਵਾਲ਼ੇ ਰੌਲ਼ੇ ਤੋਂ ਬਾਅਦ ੬ ਮਾਰਚ ਦੀ ਪਹਿਲੇ ਹਫ਼ਤੇ ਵਿਚ ਹੀ, ਮਾਸਟਰ ਜੀ ਦੇ ਜ਼ਿਲ੍ਹੇ ਰਾਵਲ ਪਿੰਡੀ ਵਿਚ ਮੁਸਲਮਾਨਾਂ ਨੇ ਹਿੰਦੂ ਸਿੱਖਾਂ ਨੂੰ ਕਤਲ ਕਰਨਾ, ਸਾੜਨਾ, ਉਜਾੜਨਾ, ਧਨ, ਜਾਇਦਾਦ, ਇਸਤਰੀਆਂ ਨੂੰ ਖੋਹਣਾ ਸ਼ੁਰੂ ਕਰ ਦਿਤਾ। ਇਹਿ ਕਤਲਾਮ ੧੩ ਮਾਰਚ ਤੱਕ ਬੇਰੋਕ ਟੋਕ ਚੱਲਦਾ ਰਿਹਾ। ਇਸ ਕਤਲਾਮ ਤੇ ਉਜਾੜੇ ਨੂੰ ਨਾ ਅੰਗ੍ਰੇਜ਼ੀ ਸਰਕਾਰ ਨੇ ਰੋਕਣ ਦਾ ਜਤਨਮ ਕੀਤਾ ਅਤੇ ਨਾ ਹੀ ਮੁਸਲਿਮ ਆਗੂ ਨੇ ਇਸ ਘੱਲੂਘਾਰੇ ਵਿਰੁਧ ਕੋਈ ਬਿਆਨ ਦਿਤਾ। ਜੀ ਦੇ ਆਪਣੇ ਬਹੁਤ ਸਾਰੇ ਰਿਸ਼ਤੇਦਾਰ ਉਹਨਾਂ ਫਸਾਦਾਂ ਵਿਚ ਮਾਰੇ ਗਏ। ਇਸ ਭਿਆਨਕ ਘੱਲੂਘਾਰੇ ਵਿਚ ਬਹੁਤ ਸਾਰੀਆਂ ਸਿੱਖ ਅਤੇ ਹਿੰਦੂ ਬੀਬੀਆਂ ਨੇ ਆਪਣੀ ਇਜਤ ਬਚਾਉਣ ਲਈ ਖੂਹਾਂ ਵਿਚ ਛਾਲ਼ਾਂ ਮਾਰ ਦਿਤੀਆਂ। ਕਈ ਹਿੰਦੂ ਸਿੱਖ ਪਰਵਾਰਾਂ ਦੇ ਮੁਖੀਆਂ ਨੇ ਆਪਣੇ ਹੱਥੀਂ ਆਪਣੇ ਬੱਚਿਆਂ ਅਤੇ ਇਸਤਰੀਆਂ ਨੂੰ ਵੱਢਿਆ ਤੇ ਹਮਲਾਵਰਾਂ ਨਾਲ਼ ਲੜ ਕੇ ਜਾਨਾਂ ਵਾਰੀਆਂ। ਜਦੋਂ ਇਹ ਲੁੱਟੇ ਪੁੱਟੇ ਗਏ ਲੋਕ, ਆਪਣੀਆਂ ਮਾਵਾਂ, ਧੀਆਂ, ਭੈਣਾਂ ਤੇ ਪਤਨੀਆਂ ਨੂੰ ਹੱਥੀਂ ਕਤਲ ਕਰਕੇ ਅਤੇ ਜੇਹੜੀਆਂ ਕਤਲ ਹੋਣੋ ਬਚ ਗਈਆਂ, ਉਹਨਾਂ ਨੂੰ ਮੁਸਲਮਾਨਾਂ ਦੇ ਹੱਥੋਂ ਖੁਹਾ ਕੇ, ਪੂਰੀ ਪੰਜਾਬ ਪਹੁੰਚੇ ਤਾਂ ਫਿਰ ਬਦਲੇ ਵਜੋਂ ਏਧਰ ਦੇ ਮੁਸਲਮਾਨਾਂ ਉਪਰ ਓਧਰ ਨਾਲ਼ੋਂ ਦੂਣਾ ਜ਼ੁਲਮ ਹੋਇਆ। ਇਸ ਤਰ੍ਹਾਂ ਦੋਹੀਂ ਪਾਸੀਂ ਤਕੜਿਆਂ ਨੇ ਮਾੜਿਆਂ ਉਪਰ ਜ਼ੁਲਮ ਕਰਨ ਵਿਚ ਕੋਈ ਕਸਰ ਨਾ ਛੱਡੀ। ਪੱਛਮੀ ਪੰਜਾਬ ਹਿੰਦੂ ਸਿੱਖਾਂ ਤੋਂ

ਅਤੇ ਪੂਰਬੀ ਪੰਜਾਬ ਮੁਸਲਮਾਨਾਂ ਤੋਂ ਖਾਲੀ ਹੋ ਗਿਆ। ਪੂਰਬੀ ਪੰਜਾਬ ਵਿਚਲਾ ਸਿਰਫ ਮਲੇਰਕੋਟਲਾ ਰਿਆਸਤ ਦੇ ਮੁਸਲਮਾਨ ਹੀ ਬਚੇ ਜਿਨ੍ਹਾਂ ਦੇ ਵਡੇਰੇ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਖ਼ਿਲਾਫ਼ ਹਾਅ ਦਾ ਨਾਹਰਾ ਮਾਰਿਆ ਸੀ।

੧੯੪੭ ਦੇ ਉਜਾੜੇ ਸਮੇ ਕੀ ਵਾਪਰਿਆ, ਇਸ ਬਾਰੇ ਬਹੁਤ ਸਾਰਾ ਸਾਹਿਤ, ਭਰਿਆ ਪਿਆ ਹੈ। ਅਖ਼ਬਾਰਾਂ, ਰਸਾਲੇ, ਫਿਲ਼ਮਾਂ ਅਤੇ ਇਸ ਹੱਡੀਂ ਹੰਡਾਈ ਬਿਪਤਾ ਵਾਲ਼ੇ ਦੋਹੀਂ ਪਾਸੀਂ ਕੁਝ ਲੋਕ ਅਜੇ ਵੀ ਜੀਂਦੇ ਹਨ ਅਤੇ ਉਹਨਾਂ ਦੀਆਂ ਯਾਦਾਂ ਵੀ ਕਾਇਮ ਹਨ। ਹਿੰਦਸਤਾਨ ਵਿਚ ਪੜ੍ਹਾਇਆ ਜਾਂਦਾ ਹੈ ਕਿ ਪਹਿਲਾਂ ਓਧਰ ਮੁਸਲਮਾਨਾਂ ਨੇ ਲੁੱਟਣ, ਕੁੱਟਣ, ਉਜਾੜਨ ਤੇ ਸਾੜਨ ਦੀ ਪਹਿਲ ਕੀਤੀ ਅਤੇ ਬਦਲੇ ਵਜੋਂ ਏਧਰ ਮੁਸਲਮਾਨਾਂ ਉਪਰ ਜ਼ੁਲਮ ਹੋਇਆ। ਪਾਕਿਸਤਾਨ ਵਿਚ ਇਸ ਤੋਂ ਉਲ਼ਟ ਦੱਸਿਆ ਜਾਂਦਾ ਹੈ। ਅਸਲੀ ਗੱਲ ਇਹ ਹੈ ਕਿ ਪਾਕਿਸਤਾਨੀ ਪੰਜਾਬ ਵਿਚੋਂ, ਸਭ ਕੁਝ ਲੁਟਾ ਕੇ ਉਜੜ ਕੇ ਏਧਰ ਆਏ ਲੋਕਾਂ ਨੇ ਅੱਗੇ ਲੱਗ ਕੇ ਮੁਸਲਮਾਨਾਂ ਨੂੰ ਏਧਰੋਂ ਕੱਢ ਕੇ ਬਦਲਾ ਵੀ ਲੈਣਾ ਸੀ ਅਤੇ ਉਹਨਾਂ ਤੋਂ ਖਾਲੀ ਕਰਵਾਏ ਥਾਵਾਂ ਉਪਰ ਆਪ ਰਹਿਣਾ ਸੀ। ਇਹ ਹੁਣ ਤੱਕ ਦੇ ਮਨੁਖੀ ਇਤਿਹਾਸ ਵਿਚਲਾ ਸਭ ਤੋਂ ਵੱਡਾ ਅਤੇ ਭਿਆਨਕ ਉਜਾੜਾ ਸੀ।

ਉਸ ਸਮੇ ਦੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਮਾਸਟਰ ਜੀ ਦੇ ਉਸ ਜੋਸ਼ੀਲੇ ਕਦਮ ਸਦਕਾ ੪੦% ਕੁ ਹਿੱਸਾ ਪੰਜਾਬ ਅਤੇ ਅੱਧਾ ਬੰਗਾਲ ਪਾਕਿਸਤਾਨ ਵਿਚ ਜਾਣੋ ਬਚ ਗਏ। ਉਸ ਸਮੇ ਪੰਜਾਬ ਵਿਚ ਮੁਸਲਮਾਨਾਂ ਦੀ ਆਬਾਦੀ ੫੭% ਸੀ ਅਤੇ ਸਿੱਖ ਪੰਜਾਬ ਵਿਚ ਸਿਰਫ ੧੩% ਸਨ। ਅਸੂਲ ਇਹ ਸੀ ਵੰਡ ਦਾ ਕਿ ਜਿੱਥੇ ਮੁਸਲਮਾਨ ਬਹੁਗਿਣਤੀ ਹੈ ਓਥੇ ਪਾਕਿਸਤਾਨ ਬਣੇਗਾ। ਗਿਣਤੀ ਕਰਕੇ ਵੀ ਸਾਰਾ ਪੰਜਾਬ ਓਧਰ ਜਾਂਦਾ ਸੀ ਤੇ ਓਥੇ ਸਰਕਾਰ ਵੀ ਜੇ ਮੁਸਲਿਮ ਲੀਗ ਦੀ ਅਗਵਾਈ ਹੇਠ ਨਿਰੋਲ ਮੁਸਲਮਾਨਾਂ ਦੀ ਬਣ ਜਾਂਦੀ ਤਾਂ ਫੇਰ ਤੇ ਸ਼ਾਇਦ ਸਾਰਾ ਪੰਜਾਬ ਹੀ ਪਾਕਿਸਤਾਨ ਵਿਚ ਚਲਿਆ ਜਾਂਦਾ। ਜੇ ਇਉਂ ਹੋ ਜਾਂਦਾ ਤਾਂ ਦਿੱਲੀ ਤੋਂ ਪਰੇ ਗੁੜਗਾਵਾਂ ਤੱਕ ਪਾਕਿਸਤਾਨ ਬਣਦਾ ਤੇ ਇਸ ਕਰਕੇ ਅਧੇ ਹਿਮਾਚਲ ਅਤੇ ਸਾਰੇ ਕਸ਼ਮੀਰ ਦਾ ਸੰਪਰਕ ਵੀ ਹਿੰਦੁਸਤਾਨ ਨਾਲ਼ੋਂ ਕੱਟਿਆ ਜਾਂਦਾ।

ਪੰਜਾਬ ਅਸੈਂਬਲੀ ਦੀ, ੧੯੪੭ ਤੋਂ ਪਹਿਲਾਂ ੧੯੩੭ ਵਾਲ਼ੀ ਇਲੈਕਸ਼ਨ ਵਿਚ, ਕੁੱਲ ੧੭੫ ਸੀਟਾਂ ਵਿਚੋਂ ਸਿੱਖਾਂ ਦੀਆਂ ੩੩ ਸੀਟਾਂ ਸਨ। ਉਸ ਸਮੇ ਮੁਸਲਮਾਨ, ਹਿੰਦੂ ਅਤੇ ਸਿੱਖਾਂ ਦੇ ਚੋਣ ਹਲਕੇ ਵੱਖ ਵੱਖ ਹੁੰਦੇ ਸਨ। ਇਹਨਾਂ ਵਿਚੋਂ ੨੩ ਅਕਾਲੀ ਟਿਕਟ ਉਪਰ ਅਤੇ ੧੦ ਕਾਂਗਰਸ ਟਿਕਟ ਉਪਰ ਐਮ.ਐਲ.ਏ. ਬਣੇ ਸਨ। ਹਿੰਦੂ ਸਾਰੇ ਹੀ ਕਾਂਗਰਸ ਟਿਕਟ ਉਪਰ ਜਿੱਤੇ ਸਨ। ਵੰਡ ਉਪ੍ਰੰਤ ਏਧਰ ਆ ਕੇ ਜੋ ਪੰਜਾਬ ਅਸੈਂਬਲੀ ਵਜੂਦ ਵਿਚ ਆਈ, ਉਸ ਦੇ ਮੈਂਬਰਾਂ ਦੀ ਕੁੱਲ ਗਿਣਤੀ ੮੭ ਸੀ। ਇਹਨਾਂ ਵਿਚ ੩੩ ਸਿੱਖ ਅਤੇ ਬਾਕੀ ਦੇ ਹਿੰਦੂ ਸਨ।

ਜਦੋਂ ੧੯੪੭ ਤੋਂ ਏਡਾ ਵੱਡਾ ਸਾਮਰਾਜ ਕਾਂਗਰਸ ਦੇ ਸੈਕਿਊਲਰਇਜ਼ਮ ਦੇ ਬੁਰਕੇ ਹੇਠ, ਫਿਰਕਾ ਪ੍ਰਸਤਾਂ ਦੇ ਹੱਥਾਂ ਹੇਠ ਆ ਗਿਆ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ! ਆਜ਼ਾਦੀ ਦੀ ਲੜਾਈ ਵੇਲ਼ੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖ ਕੌਮ ਵੱਲੋਂ ਨੱਬੇ ਪ੍ਰਸੈਂਟ ਦੇ ਕਰੀਬ ਕੀਤੀਆਂ ਗਈਆਂ ਕੁਰਬਾਨੀਆਂ ਕਿਸ ਦੇ ਚੇਤੇ ਵਿਚ ਰਹਿਣੀਆਂ ਸਨ! ਦਸੰਬਰ ੧੯੨੯ ਵਿਚ, ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ ਆਦਿ ਕਾਂਗਰਸੀ ਲੀਡਰਾਂ ਵੱਲੋਂ, ਲਾਹੌਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਆ ਕੇ ਕੀਤੇ ਗਏ ਇਕਰਾਰ ਕਿਸ ਨੂੰ ਯਾਦ ਸਨ! ਫਿਰ ਵੀ ਸਮੇ ਸਮੇ ਗਾਂਧੀ ਵੱਲੋਂ ੧੯੩੪ ਵਿਚ ਅਤੇ ਨਹਿਰੂ ਵੱਲੋਂ ੧੯੪੬ ਵਿਚ ਦੁਹਰਾਏ ਜਾਂਦੇ ਇਕਰਾਰ ਸਭ ਭੁਲਾ ਕੇ, "ਉਹ ਦਿਨ ਲੰਘ ਗਏ" ਕਹਿ ਕੇ ਸਭ ਕੁਝ ਤੋਂ ਪੱਲਾ ਝਾੜ ਦਿਤਾ ਗਿਆ।

ਉਸ ਸਮੇ ਹਿੰਦੁਸਤਾਨ ਦਾ ਨਵਾਂ ਸੰਵਿਧਾਨ ਬਣਾਇਆ ਜਾ ਰਿਹਾ ਸੀ। ਅਕਾਲੀ ਆਗੂਆਂ ਨੇ ਵੇਖਿਆ ਕਿ ਅੰਗ੍ਰੇਜ਼ਾਂ ਦੇ ਰਾਜ ਦੌਰਾਨ ਤੇ ਅਸੀਂ ਪੰਜਾਬ ਵਿਚ ਤੀਜੀ ਧਿਰ ਮੰਨੇ ਜਾ ਕੇ, ਪੰਜਾਬ ਸਰਕਾਰ ਦੀ ਸ਼ਕਤੀ ਵਿਚ ਸਾਡਾ

ਤੀਜਾ ਹਿੱਸਾ ਸੀ ਪਰ ਹੁਣ ਅਸੀਂ ਕਾਂਗਰਸ ਦੇ ਰਹਿਮੋ ਕਰਮ 'ਤੇ ਰਹਿ ਗਏ। ਇਹ ਵੇਖ ਕੇ, ੧੯੪੮ ਵਿਚ, ਉਸ ਸਮੇ ਦਲ ਦੇ ਪ੍ਰਧਾਨ, ਗਿਆਨੀ ਕਰਤਾਰ ਸਿੰਘ ਦੀ ਅਗਵਾਈ ਹੇਠ ਸਾਰੇ ਅਕਾਲੀ ਐਮ.ਐਲ.ਏ. ਅਤੇ ਐਮ.ਪੀ. ਕਾਂਗਰਸ ਵਿਚ ਸ਼ਾਮਲ ਹੋ ਗਏ। ਇਹ ਸੋਚ ਕੇ ਕਿ ਹੁਣ ਹਾਲਾਤ ਬਦਲ ਗਏ ਹਨ ਤੇ ਅਸੀਂ ਕਾਂਗਰਸ ਰਾਹੀਂ ਹੀ ਰਾਜ ਭਾਗ ਵਿਚ ਭਾਈਵਾਲ਼ ਬਣ ਸਕਦੇ ਹਾਂ। ਕੁਝ ਇਹ ਵੀ ਵਿਚਾਰ ਸੀ ਕਿ ਕਾਂਗਰਸ ਰਾਹੀਂ ਭਾਰਤ ਦਾ ਸੰਵਿਧਾਨ ਬਣ ਰਿਹਾ ਹੈ, ਉਸ ਵਿਚ ਸ਼ਾਇਦ ਕਾਂਗਰਸੀ ਆਗੂਆਂ ਵੱਲੋਂ ਪਹਿਲਾਂ ਦੇ ਕੀਤੇ ਗਏ ਇਕਰਾਰਾਂ ਦੀ ਰੋਸ਼ਨੀ ਵਿਚ ਸਿੱਖਾਂ ਦੇ ਹੱਕਾਂ ਵਾਸਤੇ ਕੁਝ ਉਚੇਚਾ ਦਰਜ ਕਰਵਾਇਆ ਜਾ ਸਕੇਗਾ।

ਡਾਕਟਰ ਅੰਬੇਦਕਰ ਦੀ ਅਗਵਾਈ ਵਾਲ਼ੀ ਕਮੇਟੀ ਦੁਆਰਾ, ੧੯੩੫ ਵਾਲ਼ੇ ਇੰਡੀਆ ਐਕਟ ਵਿਚ ਸਮੇ ਦੀਆਂ ਲੋੜਾਂ ਅਨੁਸਾਰ ਵਾਧਾ, ਘਾਟਾ, ਸੋਧਾਂ ਆਦਿ ਕਰਕੇ ਭਾਰਤ ਦਾ ਸੰਵਿਧਾਨ ੧੯੫੦ ਵਿਚ, ਸੰਵਿਧਾਨ ਸਭਾ ਦੁਆਰਾ ਪਾਸ ਕਰਕੇ ਲਾਗੂ ਕਰ ਦਿਤਾ ਗਿਆ। ਅਕਾਲੀ ਆਗੂਆਂ ਨੇ ਵੇਖਿਆ ਕਿ ਇਸ ਵਿਚ, ਸਮੇ ਸਮੇ ਕਾਂਗਰਸੀ ਆਗੂਆਂ ਵੱਲੋਂ ਕੀਤੇ ਜਾਂਦੇ ਰਹੇ ਵਾਅਦਿਆਂ ਮੁਤਾਬਕ, ਸਿੱਖਾਂ ਵਾਸਤੇ ਕੋਈ ਸੰਵਿਧਾਨਕ ਗਰੰਟੀ ਨਹੀਂ ਦਿਤੀ ਗਈ ਤਾਂ ਦੋ ਅਕਾਲੀ ਮੈਂਬਰਾਂ, ਸ. ਹੁਕਮ ਸਿੰਘ ਅਤੇ ਸ. ਭੂਪਿੰਦਰ ਸਿੰਘ ਮਾਨ ਨੇ ਇਸ ਉਪਰ ਦਸਤਖ਼ਤ ਕਰਨੋ ਨਾਂਹ ਕਰ ਦਿਤੀ।


ਮਾਸਟਰ ਤਾਰਾ ਸਿੰਘ

ਵਿਚਾਰ ਆ ਸਕਦਾ ਹੈ ਕਿ ਅਕਾਲੀਆਂ ਨੇ ਆਜ਼ਾਦੀ ਤੋਂ ਪਹਿਲਾਂ ਆਪਣਾ ਵੱਖਰਾ ਦੇਸ਼ ਕਿਉਂ ਨਾ ਲਿਆ? ਇਸ ਬਾਰੇ ਵੱਖ ਵੱਖ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਪੰਜਾਬ ਵਿਚ ਉਸ ਸਮੇ ਸਿੱਖਾਂ ਦੀ ਆਬਾਦੀ ੧੩% ਸੀ। ਪੰਜਾਬ ਅਸੈਂਬਲੀ ਦੇ ੧੭੫ ਮੈਂਬਰਾਂ ਵਿਚੋਂ ੩੩ ਸਿੱਖ ਮੈਂਬਰ ਸਨ ਜੋ ਕਿ ਦੋ ਪਾਰਟੀਆਂ ਵਿਚ ਵੰਡੇ ਹੋਏ ਸਨ। ੨੩ ਅਕਾਲੀ ਅਤੇ ੧੦ ਕਾਂਗਰਸ ਟਿਕਟ ਉਪਰ ਮੈਂਬਰ ਬਣੇ ਸਨ। ਵੱਡੇ ਵੱਡੇ ਜਾਗੀਰਦਾਰ, ਸਰਦਾਰ ਬਹਾਦਰ, ਅਮੀਰ, ਪੁਰਾਣੇ ਅਕਾਲੀ ਆਗੂ, ਚੀਫ਼ ਖ਼ਾਲਸਾ ਦੀਵਾਨ ਆਦਿ ਜਥੇਬੰਦੀਆਂ ਪਹਿਲਾਂ ਅੰਗ੍ਰੇਜ਼ ਪੱਖੀ ਤੇ ਫਿਰ ਕਾਂਗਰਸ ਪੱਖੀ ਬਣ ਗਏ ਸਨ। ਕੇਂਦਰ ਸਰਕਾਰ ਵਿਚ ਅਤੇ ਅੰਗ੍ਰੇਜ਼ਾਂ ਨਾਲ਼ ਗੱਲ ਬਾਤ ਕਰਨ ਦੇ ਅਧਿਕਾਰ, ਅਕਾਲੀਆਂ ਵੱਲੋਂ ਸ. ਬਲਦੇਵ ਸਿੰਘ ਕੋਲ਼ ਸਨ। ਹੁਣ ਪਤਾ ਲੱਗਾ ਹੈ ਕਿ ਮਾਸਟਰ ਜੀ ਆਗੂ ਤਾਂ ਸਿੱਖ ਕੌਮ ਦੇ ਸਨ ਪਰ ਚੁਣੇ ਹੋਏ ਐਮ.ਪੀ. ਨਹੀਂ ਸਨ, ਜਦੋਂ ਕਿ ਗੱਲ ਬਾਤ ਵਿਚ ਚੁਣਿਆ ਹੋਇਆ ਆਗੂ ਹੀ ਸ਼ਾਮਲ ਹੋ ਸਕਦਾ ਸੀ। ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਕਾਂਗਰਸ ਪੱਖੀ ਜਥੇਦਾਰ ਗਰੁਪ ਦੇ ਕਬਜ਼ੇ ਵਿਚ ਸੀ। ਇਹ ਗਰੁਪ ਮਹਾਰਾਜਾ ਪਟਿਆਲਾ, ਸ. ਯਾਦਵਿੰਦਰ ਸਿੰਘ ਰਾਹੀਂ ਕਾਂਗਰਸ ਦੇ ਸਰਦਾਰ ਪਟੇਲ ਗਰੁਪ ਨਾਲ਼ ਜੁੜਿਆ ਹੋਇਆ ਸੀ ਅਤੇ ਸ਼੍ਰੋਮਣੀ ਅਕਾਲੀ ਦਾ ਪ੍ਰਧਾਨ ਗਿਆਨੀ ਕਰਤਾਰ ਸਿੰਘ ਸੀ। ਗਿਆਨੀ ਜੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ੧੯੪੮ ਵਿਚ, ਸਮੇ ਦੀ ਨਜ਼ਾਕਤ ਨੂੰ ਭਾਂਪਦਿਆਂ ਹੋਇਆਂ ਸਿਆਸੀ ਖੇਤਰ ਵਿਚਲੀਆਂ ਆਪਣੀਆਂ ਆਜ਼ਾਦ ਸਰਗਰਮੀਆਂ ਤਿਆਗ ਕੇ, ਸਿਆਸੀ ਤੌਰ ਤੇ ਕਾਂਗਰਸ ਵਿਚ ਸ਼ਾਮਲ ਹੋਣਾ ਹੀ ਠੀਕ ਸਮਝਿਆ। ਬਾਕੀ ਰਹਿ ਗਿਆ ਮਾਸਟਰ ਤਾਰਾ ਸਿੰਘ ਜੋ ਕਿ ਆਪਣੀ ਯੋਗਤਾ ਸਦਕਾ ਸਾਰਿਆਂ ਤੋਂ ਉਪਰ ਆਗੂ ਮੰਨਿਆ ਜਾਂਦਾ ਸੀ ਤੇ ਸਿੱਖਾਂ ਦੇ ਦਿਲਾਂ ਵਿਚ ਬਾਕੀਆਂ ਨਾਲ਼ੋਂ ਉਸ ਦਾ ਵਧੇਰੇ ਸਤਿਕਾਰ ਸੀ ਪਰ ਉਸ ਦੇ ਹੱਥ ਸ਼ਕਤੀ ਕੋਈ ਨਹੀਂ ਸੀ।

ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਗਿਆਨੀ ਕਰਤਾਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਕਾਂਗਰਸ ਪੱਖੀ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਵਾਲ਼ੇ ਜਥੇਦਾਰ ਗਰੁਪ ਕੋਲ਼ ਅਤੇ ਸਰਕਾਰ ਵਿਚ ਨੁਮਾਇੰਦਾ ਸ. ਬਲਦੇਵ ਸਿੰਘ ਸੀ, ਜਿਸ ਨੂੰ ਨਹਿਰੂ ਨੇ ਆਜ਼ਾਦ ਹਿੰਦੁਸਤਾਨ ਦੇ ਪਹਿਲੇ ਰੱਖਿਆ ਮੰਤਰੀ ਦਾ ਚੋਗਾ ਪਾ ਕੇ, ਆਪਣਾ ਪੱਖੀ ਬਣਾ ਲਿਆ ਹੋਇਆ ਸੀ।

ਨਵੇਂ ਸੰਵਿਧਾਨ ਅਨੁਸਾਰ, ੧੯੫੨ ਵਿਚ ਪਹਿਲੀਆਂ ਚੋਣਾਂ ਹੋਈਆਂ। ਪੰਜਾਬ ਵਿਚ ਤਕਰੀਬਨ ਤੀਜਾ ਹਿੱਸਾ ਸਿੱਖ ਵਸੋਂ ਹੋਣ ਕਰਕੇ, ਸ਼੍ਰੋਮਣੀ ਅਕਾਲੀ ਦਲ ਦੀ ਹਾਰ ਤੇ ਯਕੀਨੀ ਸੀ ਪਰ ੧੯੪੮ ਵਿਚ ਪੂਰਬੀ ਪੰਜਾਬ ਵਿਚਲੀਆਂ ਸਿੱਖ ਰਿਆਸਤਾਂ ਤੋੜ ਕੇ ਨਵਾਂ ਬਣਾਇਆ ਗਿਆ ਪੈਪਸੂ ਨਾਂ ਦਾ ਸੂਬਾ ੫੩% ਸਿੱਖ ਆਬਾਦੀ ਵਾਲ਼ਾ ਹੋਣ ਕਰਕੇ, ਓਥੇ ਅਕਾਲੀ ਦਲ ਦੀ ਅਗਵਾਈ ਹੇਠ ਕਾਂਗਰਸ ਵਿਰੋਧੀ ਸਰਕਾਰ ਬਣ ਗਈ। ਇਹ ਭਾਰਤ ਦੇ ਇਤਿਹਾਸ ਵਿਚ ਪਹਿਲੀ ਨਾਨ ਕਾਂਗਰਸ ਸਰਕਾਰ ਬਣੀ ਸੀ ਜਿਸ ਨੂੰ ਕੁਝ ਹੀ ਮਹੀਨਿਆਂ ਦੇ ਵਿਚ ਪੰਡਤ ਨਹਿਰੂ ਨੇ ਤੋੜ ਦਿਤਾ ਸੀ। ਸੰਵਿਧਾਨ ਵਿਚਲੀ ਧਾਰਾ ੩੫੬ ਦੀ ਦੁਰਵਰਤੋਂ ਕਰਕੇ ਜਦੋਂ ਪੈਪਸੂ ਦੀ ਸਰਕਾਰ ਨੂੰ ਤੋੜਿਆ ਗਿਆ ਤਾਂ ਸੰਵਿਧਾਨ ਦੇ ਨਿਰਮਾਤਾ ਡਾਕਟਰ ਅੰਬੇਦਕਰ ਨੇ ਆਖਿਆ ਸੀ, "ਮੇਰਾ ਜੀ ਕਰਦਾ ਮੈਂ ਇਸ ਸੰਵਿਧਾਨ ਨੂੰ ਅੱਗ ਲਾ ਕੇ ਫੂਕ ਦਿਆਂ।"

ਇਸ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਮਿਲ਼ੀ ਰਾਜਸੀ ਆਜ਼ਾਦੀ ਵਿਚ ਸਿੱਖ ਕਿਤੇ ਵੀ ਨਾ। ਫਿਰਕਾ ਪ੍ਰਸਤਾਂ ਦੇ ਕਬਜੇ ਵਾਲ਼ਾ ਮੀਡੀਆ ੧੯੪੭ ਤੋਂ ਪਹਿਲਾਂ ਜੋ ਮੁਸਲਮਾਨਾਂ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਦਾ ਸੀ, ਉਹ ਹੁਣ ਸਰਕਾਰ ਦੀ ਸ਼ਹਿ ਅਤੇ ਆਪਣੇ ਪ੍ਰੈਸ, ਕਾਂਗਰਸੀ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਦਾ ਦੁਰਉਪਯੋਗ ਕਰਕੇ, ਸਿੱਖਾਂ ਦੀ ਪੰਥਕ ਲੀਡਰਸ਼ਿਪ ਦੇ ਖ਼ਿਲਾਫ਼ ਕਰਨ ਲੱਗ ਪਿਆ। ਮਤਲਬ ਕਿ ਉਹਨਾਂ ਨੇ ਆਪਣੀਆਂ ਪ੍ਰਚਾਰ ਦੀਆਂ ਤੋਪਾਂ ਦੇ ਮੂੰਹ ਹੁਣ ਸਿੱਖਾਂ ਵੱਲ ਭਵਾਂ ਲਏ ਅਤੇ ਸਰਕਾਰੀ ਅਤੇ ਪ੍ਰੈਸ ਦੀ ਹਿਮਾਇਤ ਤੋਂ ਵਿਹੂਣੀ ਸਿੱਖ ਲੀਡਰਸ਼ਿਪ ਵਿਰੁਧ ਜੋਰਦਾਰ ਫਾਇਰਿੰਗ ਸ਼ੁਰੂ ਕਰ ਦਿਤੀ। ਅਜਿਹੀ ਹਾਲਤ ਵਿਚ ਸਿੱਖ ਕੌਮ ਦੀ ਸਿਆਸੀ ਅਗਵਾਈ ਕਰਨ ਵਾਲ਼ੀ ਪਾਰਟੀ ਦੇ ਆਗੂਆਂ ਦੇ ਪੱਲੇ ਕੁਝ ਨਾ ਰਿਹਾ। ਗੁਰਦੁਆਰਿਆਂ ਦੀਆਂ ਸਟੇਜਾਂ ਵੀ ਅਕਾਲੀਆਂ ਹੱਥੋਂ ਕਾਂਗਰਸੀ ਸਿੱਖਾਂ ਨੇ ਖੋਹ ਲਈਆਂ। ਕੁਝ ਲੋਕਾਂ ਦੇ ਮੂੰਹੋਂ ਇਹ ਵਾਰਤਾ ਚੱਲ ਪਈ: ਮੁਸਲਮਾਨਾਂ ਨੂੰ ਮਿਲ਼ ਗਿਆ ਪਾਕਿਸਤਾਨ, ਹਿੰਦੂਆਂ ਨੂੰ ਮਿਲ਼ ਗਿਆ ਹਿੰਦੁਸਤਾਨ ਤੇ ਸਿੱਖਾਂ ਨੂੰ ਕੀ ਮਿਲ਼ਿਆ, ਕੱਛ ਤੇ ਕ੍ਰਿਪਾਨ?




ਇਹਨਾਂ ਰਾਜਸੀ ਤਾਕਤ ਤੋਂ ਖਾਲੀ ਰਹਿ ਗਏ ਸਿੱਖਾਂ ਦੀ ਮਾਯੂਸੀ ਵਾਲ਼ੇ ਦਿਨਾਂ ਦੌਰਾਨ, ਪੂਰਬੀ ਪੰਜਾਬ ਦੇ ੩੩ ਸਿੱਖ ਐਮ.ਐਲ.ਏ. ਜੇਹੜੇ ਸਨ ਉਹਨਾਂ ਵਿਚੋਂ ੨੩ ਅਕਾਲੀ ਸਨ ਅਤੇ ੧੦ ਕਾਂਗਰਸੀ। ਇਹਨਾਂ ਵਿਚੋਂ ਇਕ ਕਾਂਗਰਸੀ ਸ. ਪ੍ਰਤਾਪ ਸਿੰਘ ਕੈਰੋਂ ਨੂੰ ਛੱਡ ਕੇ, ਬਾਕੀ ਦੇ ਬੱਤੀਆਂ ਨੇ, ੧੫ ਨਵੰਬਰ, ੧੯੪੮ ਨੂੰ, ਕਾਨੂੰਨ ਘੜਨੀ ਅਸੈਂਬਲੀ ਨੂੰ ੧੪ ਮੰਗਾਂ ਦਾ ਇਕ ਚਾਰਟਰ ਦਿਤਾ। ਉਹਨਾਂ ਵਿਚੋਂ ਮੁਖ ਮੰਗਾਂ ਇਹ ਮੰਗਾਂ ਸਨ:

੧. ਪੰਜਾਬ ਸੂਬੇ ਦੀ ਵਜ਼ਾਰਤ ਵਿਚ ਸਿੱਖਾਂ ਦਾ ਅੱਧਾ ਹਿੱਸਾ।

੨. ਕੇਂਦਰ ਸਰਕਾਰ ਵਿਚ ੫% ਸਿੱਖਾਂ ਦਾ ਹਿੱਸਾ।

੩. ੧੯੪੧ ਦੀ ਜਨ ਗਣਨਾ ਅਨੁਸਾਰ ਸਿੱਖਾਂ ਦੀ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਦਿਤੀ ਜਾਵੇ।

੪. ਸੈਂਟਰ ਵਿਚ ਇਕ ਪੂਰਾ ਅਤੇ ਇਕ ਅੱਧਾ ਵਜ਼ੀਰ ਸਿੱਖ ਹੋਵੇ।

੫. ਪੰਜਾਬ ਦੇ ਗਵਰਨਰ ਅਤੇ ਮੁਖ ਮੰਤਰੀ ਵਿਚੋਂ ਇਕ ਹਮੇਸ਼ਾਂ ਸਿੱਖ ਹੋਵੇ।

੬. ਗੁੜਗਾਵਾਂ ਅਤੇ ਲੋਹਾਰੀ ਜ਼ਿਲ੍ਹੇ ਪੰਜਾਬ ਵਿਚੋਂ ਕੱਢੇ ਜਾਣ।

੭. ਸੂਬੇ ਦੀਆਂ ਸਰਕਾਰੀ ਨੌਕਰੀਆਂ ਵਿਚ ੪੦% ਸਿੱਖਾਂ ਦਾ ਹਿੱਸਾ ਹੋਵੇ।

ਜੇ ਇਹ ਮੰਗਾਂ ਨਾ ਮੰਨੀਆਂ ਜਾਣ ਤਾਂ ਫਿਰ ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ, ਫਿਰੋਜ਼ਪੁਰ ਅਤੇ ਅੰਬਾਲਾ, ਸੱਤ ਜ਼ਿਲ੍ਹਿਆਂ ਦਾ ਵੱਖਰਾ ਸੂਬਾ ਸਿੱਖਾਂ ਲਈ ਬਣਾ ਦਿਤਾ ਜਾਵੇ। ਲੱਗ ਪਗ ਤੀਜਾ ਹਿੱਸਾ ਪਾਕਿਸਤਾਨੋ ਉਜੜ ਕੇ ਆਏ ਸਿੱਖਾਂ ਦੇ ਇਸ ਖਿੱਤੇ ਵਿਚ ਵੱਸ ਜਾਣ ਕਰਕੇ, ਇਸ ਦੀ ਆਬਾਦੀ ਵਿਚ ਸਿੱਖਾਂ ਦੀ ਆਬਾਦੀ ਸੱਬਰਕੱਤੀ ਹੋ ਜਾਂਦੀ ਸੀ। ਇਸ ਤੋਂ ਇਲਾਵਾ ੫੩% ਸਿੱਖ ਆਬਾਦੀ ਵਾਲ਼ਾ ਪੈਪਸੂ ਸੂਬਾ ਵੱਖਰਾ ਰਹਿ ਜਾਂਦਾ ਸੀ। ਇਸ ਮੈਮੋਰੰਡਮ ਉਪਰ ਸਬੰਧਤ ਕਮੇਟੀ ਨੇ ਵਿਚਾਰ ਤੇ ਕੀਤਾ ਪਰ ਹਾਂ ਜਾਂ ਨਾਂਹ ਦਾ ਉਤਰ ਕੋਈ ਨਾ ਦਿਤਾ।

ਅਜਿਹੀ ਹਾਲਤ ਵਿਚ ਅਕਾਲੀ ਆਗੂਆਂ ਵੱਲੋਂ ਫਿਰ ਸਿੱਖਾਂ ਨੂੰ ਕਿਸੇ ਗਿਣਤੀ ਵਿਚ ਲਿਆਉਣ ਲਈ ਜਦੋ ਜਹਿਦ ਸ਼ੁਰੂ ਹੋਈ। ਇਸ ਦਾ ੧੯੪੭ ਤੋਂ ਲੈ ਕੇ ਹੁਣ ਤੱਕ ਦਾ ਲੰਮਾ ਇਤਿਹਾਸ ਹੈ। ਉਸ ਜਦੋ ਜਹਿਦ ਦੇ ਸਾਲਾਂ ਦੌਰਾਨ ਜੇਹੜੇ ਅਕਾ਼ਲੀਆਂ ਦੇ ਦੋ ਮੁਖੀ ਸਿੱਖ ਲੀਡਰ ਸਨ, ਉਹਨਾਂ ਦੋਹਾਂ ਵਿਚ, ਸਾਦਗੀ ਅਤੇ ਇਮਾਨਦਾਰੀ ਤੋਂ ਇਲਾਵਾ ਇਕ ਇਕ ਖਾਸ ਗੁਣ ਹੋਰ ਵੀ ਸੀ। ਮਾਸਟਰ ਤਾਰਾ ਸਿੰਘ ਜੀ ਪੰਥ ਦਰਦੀ, ਜੋਸ਼ੀਲੇ ਅਤੇ "ਮੈਂ ਮਰਾਂ ਪੰਥ ਜੀਵੇ" ਦੇ ਵਿਸ਼ਵਾਸ਼ ਦੇ ਧਾਰਨੀ ਅਤੇ ਕਲਮ ਦੇ ਧਨੀ ਸਨ। ਦੂਜੇ ਸਨ ਗਿਆਨੀ ਕਰਤਾਰ ਸਿੰਘ। ਤਕਰੀਰ ਦੇ ਧਨੀ ਗਿਆਨੀ ਜੀ, ਆਪਣਾ ਹਾਣ ਲਾਭ, ਮਾਣ ਅਪਮਾਨ, ਦੀ ਪਰਵਾਹ ਕੀਤੇ ਬਿਨਾ, ਹਰ ਸਮੇ ਕੌਮ ਦੀ ਭਲਾਈ ਹਿਤ ਹੀ ਸੋਚਦੇ ਅਤੇ ਕੰਮ ਕਰਦੇ ਸਨ। ਕੌਮ ਨੇ ਮਾਸਟਰ ਜੀ ਨੂੰ 'ਪੰਥ ਦਾ ਜਰਨੈਲ' ਅਤੇ ਗਿਆਨੀ ਜੀ ਨੂੰ 'ਪੰਥ ਦਾ ਦਿਮਾਗ' ਕਹਿ ਕੇ ਵਡਿਆਇਆ ਸੀ। ਜਿਥੇ ਮਾਸਟਰ ਜੀ, ਆਪਣੀਆਂ ਦੋਹਾਂ ਅਖ਼ਬਾਰਾਂ ਰਾਹੀਂ ਕੌਮ ਦੇ ਹੱਕ ਵਿਚ ਧੂਆਂ ਧਾਰ ਲਿਖਤਾਂ ਲਿਖ ਲਿਖ ਕੌਮ ਦਾ ਪੱਖ ਰੱਖਦੇ ਸਨ ਓਥੇ ਗਿਆਨੀ ਜੀ, ਆਪਣੇ ਭਾਈਚਾਰੇ ਤੋਂ ਗ਼ਦਾਰੀ ਦਾ ਫਤਵਾ ਲੈ ਕੇ ਵੀ, ਕਾਂਗਰਸ ਰਾਹੀਂ ਸਰਕਾਰ ਵਿਚ ਘੁਸ ਕੇ, ਹੌਲ਼ੀ ਹੌਲ਼ੀ ਸਿੱਖਾਂ ਨਾਲ਼ ਸਰਕਾਰ ਵੱਲੋਂ ਕੀਤੀ ਗਈਆਂ ਅਤੇ ਕੀਤੀਆਂ ਜਾ ਰਹੀਆਂ ਬੇਨਿਸਾਫ਼ੀਆਂ ਨੂੰ ਹਟਾਉਣ/ਘਟਾਉਣ ਵਾਲ਼ਾ ਲਾਭਦਾਇਕ ਕਾਰਜ ਕਰੀ/ਕਰਵਾਈ ਜਾਂਦੇ ਸਨ।

ਹਿੰਦੁਸਤਾਨ ਦੇ ਨਵੇਂ ਬਣੇ ਸੰਵਿਧਾਨ ਵਿਚ ਆਰਥਿਕ ਪੱਖੋਂ ਹਿੰਦੂ ਪਛੜੀਆਂ ਸ਼੍ਰੇਣੀਆਂ ਨੂੰ ਰਿਜ਼ਰਵੇਸ਼ਨ ਦੇ ਅਧਿਕਾਰ ਦਿਤੇ ਗਏ ਸਨ ਪਰ ਉਹ ਬਾਕੀ ਧਰਮਾਂ ਨੂੰ ਮੰਨਣ ਵਾਲ਼ਿਆਂ ਨੂੰ ਨਹੀਂ ਸਨ ਦਿਤੇ ਗਏ। ਏਸੇ ਕਰਕੇ ਡਾਕਟਰ ਅੰਬੇਦਕਰ ਦੀ ਅਗਵਾਈ ਹੇਠ ਲੱਖਾਂ ਪਛੜੇ ਲੋਕ ਸਿੱਖ ਨਾ ਬਣ ਸਕੇ ਤੇ ਲੱਖਾਂ ਹੀ ਲੋਕਾਂ ਨੇ ਇਹ ਰਿਜ਼ਰਵੇਸ਼ਨ ਦਾ ਲਾਭ ਲੈਣ ਲਈ, ਸਿੱਖ ਹੁੰਦਿਆਂ ਵੀ ਮਰਦਮ ਸ਼ੁਮਾਰੀ ਵਿਚ ਖ਼ੁਦ ਨੂੰ ਹਿੰਦੂ ਲਿਖਵਾ ਲਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਦੋ ਜਹਿਦ ਕਰਨ 'ਤੇ, ਪੰਜਾਬ ਵਿਚ ਵੀ ਚਾਰ ਪਛੜੇ ਸਿੱਖ ਭਾਈਚਾਰਿਆਂ ਨੂੰ ਇਸ ਲਾਭ ਵਾਲ਼ੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਹਿੰਦ ਸਰਕਾਰ ਨੂੰ ਮਜਬੂਰ ਹੋਣਾ ਪਿਆ। ਇਸ ਮਸਲੇ ਦੇ ਹੱਲ ਲਈ ਦਿੱਲੀ ਨੂੰ ਜਾਂਦਿਆਂ, ਨਰੇਲਾ ਰੇਲਵੇ ਸਟੇਸ਼ਨ ਉਪਰ ਮਾਸਟਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਆਜ਼ਾਦ ਹਿੰਦੁਸਤਾਨ ਵਿਚ ਪਹਿਲੀ ਸਿਆਸੀ ਗ੍ਰਿਫ਼ਤਾਰੀ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਜਦੋ ਜਹਿਦ ਕਰਕੇ ਹੀ ਭਾਰਤ ਦੀਆਂ ਪ੍ਰਵਾਨਤ ਬੋਲੀਆਂ ਵਿਚ ਪੰਜਾਬੀ ਬੋਲੀ ਸ਼ਾਮਲ ਕਰਵਾਈ ਗਈ, ਜੇਹੜੀ ਕਿ ਪਹਿਲਾਂ ਨਹੀਂ ਸੀ। ਫਿਰ ਗਿਆਨੀ ਕਰਤਾਰ ਸਿੰਘ ਨੇ, ਉਸ ਸਮੇ ਦੇ ਮੁਖ

ਮੰਤਰੀ ਭੀਮ ਸੈਨ ਸੱਚਰ ਰਾਹੀਂ 'ਸੱਚਰ ਫਾਰਮੂਲਾ' ਬਣਵਾ ਕੇ, ਪੰਜਾਬੀ ਬੋਲਦੇ ਇਲਾਕੇ ਦੇ ਸਕੂਲਾਂ ਵਿਚ ਪਹਿਲੀ ਤੋਂ, ਗੁਰਮੁਖੀ ਲਿੱਪੀ ਵਿਚ ਪੰਜਾਬੀ ਪੜ੍ਹਾਉਣੀ ਸ਼ੁਰੂ ਕਰਵਾਈ ਅਤੇ ਹਿੰਦੀ ਬੋਲੀ ਵਾਲ਼ੇ ਇਲਾਕਿਆਂ ਵਿਚ ਤੀਜੀ ਤੋਂ ਪੰਜਾਬੀ ਲਾਗੂ ਕਰਵਾਈ।

ਫਿਰ ਪੰਜਾਬੀ ਬੋਲੀ ਦੇ ਵਿਰੋਧੀਆਂ ਵੱਲੋਂ ਪੰਜਾਬੀ ਦੀ ਲਿੱਪੀ ਉਪਰ ਹਮਲਾ ਹੋਇਆ। ਉਹਨਾਂ ਵੱਲੋਂ ਜਤਨ ਹੋਇਆ ਕਿ ਪੰਜਾਬੀ ਬੋਲੀ ਨੂੰ ਤੇ ਉਹ ਮਾਰ ਨਹੀਂ ਸਕੇ, ਹੁਣ ਇਸ ਦੀ ਲਿੱਪੀ ਗੁਰਮੁਖੀ ਦੀ ਬਜਾਇ, ਹਿੰਦੀ ਵਾਲ਼ੀ ਲਿੱਪੀ ਦੇਵਨਾਗਰੀ ਨੂੰ, ਪੰਜਾਬੀ ਬੋਲੀ ਵਾਸਤੇ ਪ੍ਰਵਾਨ ਕਰਵਾ ਲਿਆ ਜਾਵੇ। ਅਕਾਲੀਆਂ ਨੇ ਉਹ ਸਾਜਸ਼ ਵੀ ਸਿਰੇ ਨਾ ਚੜ੍ਹਨ ਦਿਤੀ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਦਿਲ ਵਿਚ ਇਹ ਇੱਛਾ ਤਾਂ ਸੀ ਹੀ ਕਿ, ੧੯੪੭ ਤੋਂ ਪਹਿਲਾਂ ਕਾਂਗਰਸੀ ਆਗੂਆਂ ਵੱਲੋਂ ਵਾਰ ਵਾਰ ਕੀਤੇ ਗਏ ਇਕਰਾਰਾਂ ਅਨੁਸਾਰ, ਇਕ ਅਜਿਹੇ ਇਲਾਕੇ ਨੂੰ ਸੂਬੇ ਦਾ ਨਾਂ ਦੇ ਕੇ ਉਸ ਦਾ ਘੇਰਾ ਇਉਂ ਵਜੂਦ ਵਿਚ ਲਿਆਂਦਾ ਜਾਵੇ ਜਿਥੇ ਸਿੱਖਾਂ ਦੀ ਬਹੁਸੰਮਤੀ ਹੋਵੇ। ਇਸ ਲਈ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਵਾਸਤੇ ਜਦੋ ਜਹਿਦ ਸ਼ੁਰੂ ਕੀਤੀ ਗਈ। ੧੯੫੫ ਦੀਆਂ ਗੁਰਦੁਆਰਾ ਚੋਣਾਂ ਇਸ ਮੈਨੀਫੈਸਟੋ ਉਪਰ ਲੜ ਕੇ, ਕਾਂਗਰਸੀ ਜਥੇਬੰਦੀ ਖ਼ਾਲਸਾ ਦਲ ਤੋਂ ਜਿੱਤੀਆਂ ਤੇ ਇਸ ਦੀ ਪ੍ਰਾਪਤੀ ਲਈ ਸ਼ਾਂਤਮਈ ਮੋਰਚਾ ਸ਼ੁਰੂ ਹੋਇਆ।

੧੯੪੭ ਤੋਂ ਪਹਿਲਾਂ ਹੀ ਆਉਣ ਵਾਲ਼ੇ ਸਮੇ ਨੂੰ ਭਾਂਪ ਕੇ, ਸਰਕਾਰੀ ਤਾਕਤ ਵਿਚ ਭਾਈਵਾਲ਼ ਬਣਨ ਦੇ ਲਾਲਚ ਵਿਚ ਅਤੇ ਕੁਝ ਹੋਰ ਕਾਰਨਾਂ ਕਰਕੇ, ਬਹੁਤ ਸਾਰੇ ਅਕਾਲੀ ਆਗੂ ਸਮੇ ਸਮੇ ਕਾਂਗਰਸ ਵੱਲ ਵਧੇਰੇ ਝੁਕਦੇ ਗਏ। ਇਹ ਵਹਿਣ ੧੯੬੭ ਤੱਕ, ਓਨਾ ਚਿਰ ਚੱਲਦਾ ਰਿਹਾ ਜਿੰਨਾ ਚਿਰ, ਪੰਜਾਬੀ ਸੂਬਾ ਬਣਨ ਉਪ੍ਰੰਤ ੧੯੬੭ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ, ਪੰਜਾਬ ਵਿਚ ਪਹਿਲੀ ਨਾਨ ਕਾਂਗਰਸ ਸਰਕਾਰ ਨਹੀਂ ਬਣ ਗਈ। ਫੇਰ ਪੁੱਠਾ ਗੇੜ ਸ਼ੁਰੂ ਹੋ ਗਿਆ। ਪਹਿਲਾਂ ਅਕਾਲੀ ਕਾਂਗਰਸ ਵਿਚ ਜਾਂਦੇ ਸਨ ਫੇਰ ਕਾਂਗਰਸੀ ਅਕਾਲੀ ਦਲ ਵਿਚ ਆਉਣੇ ਸ਼ੁਰੂ ਹੋ ਗਏ। ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਪ੍ਰਧਾਨ ਸ. ਸਰਮੁਖ ਝਬਾਲ, ਆਪਣੇ ਦੋਹਾਂ ਭਰਾਵਾਂ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਗਏ। ਪੰਥ ਦੇ ਬੇਤਾਜ ਬਾਦਸ਼ਾਹ ਕਹੇ ਜਾਂਦੇ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਮੇ ਸਮੇ ਲਈ ਦੂਜੇ ਪ੍ਰਧਾਨ ਅਤੇ ਨਾਲ਼ ਹੀ ਪੰਜਾਬ ਕਾਂਗਰਸ ਦੇ ਅਤੇ ਸਿੱਖ ਲੀਗ ਦੇ ਵੀ ਪ੍ਰਧਾਨ ਰਹੇ ਬਾਬਾ ਖੜਕ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਕਈ ਸਾਬਕਾ ਜਥੇਦਾਰ, ਸ੍ਰੀ ਦਰਬਾਰ ਸਾਹਿਬ ਜੀ ਦੇ ਕਈ ਗ੍ਰੰਥੀ ਅਤੇ ਮੁਖ ਗ੍ਰੰਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੇ ਕਈ ਪ੍ਰਧਾਨ, ਵਜ਼ੀਰ, ਐਮ.ਐਲ.ਏ., ਐਮ.ਪੀ., ਵੱਡੇ ਵੱਡੇ ਵਿਦਵਾਨ, ਢਾਡੀ, ਪ੍ਰਚਾਰਕ, ਲੇਖਕ, ਵਰਕਰ, ਕੁਰਬਾਨੀਆਂ ਵਾਲ਼ੇ ਧੜੱਲੇਦਾਰ ਜਥੇਦਾਰ ਆਦਿ ਵੀ ਸਮੇ ਸਮੇ ਸ਼੍ਰੋਮਣੀ ਅਕਾਲੀ ਦਲ ਨੂੰ ਪਿੱਠ ਦੇ ਕੇ, ਸਰਕਾਰੀ ਪਦਵੀਆਂ ਦੀ ਪ੍ਰਾਪਤੀ ਲਈ, ਕਾਂਗਰਸ ਵਿਚ ਸ਼ਾਮਲ ਹੁੰਦੇ ਰਹੇ। ਮਾਸਟਰ ਤਾਰਾ ਸਿੰਘ ਜੀ ਅਖੀਰ ਤੱਕ ਪੰਥਕ ਝੰਡਾ ਲੈ ਕੇ ਪਹਿਲਾਂ ਮਹੰਤਾਂ ਅਤੇ ਅੰਗ੍ਰੇਜ਼ੀ ਸਰਕਾਰ ਦੇ ਖ਼ਿਲਾਫ਼ ਜੂਝਦੇ ਰਹੇ ਅਤੇ ੧੯੪੭ ਤੋਂ ਪਿੱਛੋਂ ਆਪਣੀ ਮੌਤ, ੨੨ ਨਵੰਬਰ ੧੯੬੭ ਤੱਕ, ਕਾਂਗਰਸ ਦੀਆਂ ਫਿਰਕੂ ਨੀਤੀਆਂ ਦੇ ਖ਼ਿਲਾਫ਼ ਜਦੋ ਜਹਿਦ ਵਿਚ ਪੰਥ ਦੀ ਅਗਵਾਈ ਕਰਦੇ ਰਹੇ।


ਸਮੇ ਸਮੇ ਜੇਹੜੇ ਅਕਾਲੀ ਆਗੂ ਅਕਾਲੀ ਦਲ ਵਿਚ ਪਛੜ ਜਾਂਦੇ ਰਹੇ ਉਹ ਕਾਂਗਰਸ ਵਿਚ ਸ਼ਾਮਲ ਹੋਈ ਜਾਂਦੇ ਰਹੇ। ਕੁਝ ਕੁ ਬਹੁਤੇ ਕਾਰਲ ਮਾਰਕਸ ਦੇ ਵਿਚਾਰਾਂ ਤੋਂ ਪ੍ਰਭਾਵਤ ਇਨਕਲਾਬੀ ਵਿਚਾਰਾਂ ਵਾਲ਼ੇ ਅਕਾਲੀ ਆਗੂ ਕਮਿਊਨਿਸਟਾਂ ਵਿਚ ਵੀ ਜਾ ਵੜਦੇ। ਕਮਿਊਨਿਸਟਾਂ ਵਿਚ ਜਾਣ ਵਾਲ਼ਿਆਂ ਵਿਚੋਂ ਕੁਝ ਕੁ ਮੁਖੀਆਂ ਦੇ ਨਾਂ ਇਸ

ਪ੍ਰਕਾਰ ਹਨ: ਗਿਆਨੀ ਹੀਰਾ ਸਿੰਘ ਦਰਦ, ਜਥੇਦਾਰ ਹਰਦਿਤ ਸਿੰਘ ਭੱਠਲ਼, ਸ. ਸੋਹਣ ਸਿੰਘ ਜੋਸ਼, ਸ. ਤੇਜਾ ਸਿੰਘ ਸੁਤੰਤਰ, ਗਿਆਨੀ ਗਹਿਲ ਸਿੰਘ ਛੱਜਲ਼ਵੱਢੀ ਆਦਿ। ਇਹਨਾਂ ਤੋਂ ਇਲਾਵਾ ਗ਼ਦਰੀ ਬਾਬੇ ਵੀ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਦਦੇਹਰ ਆਦਿ ਦੀ ਅਗਵਾਈ ਹੇਠ, ਸਾਰੇ ਦੇ ਸਾਰੇ ਹੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਸਨ।

ਬਾਕੀ ਹਿੰਦੁਸਤਾਨ ਦੀਆਂ ਰਿਆਸਤਾਂ ਵਾਂਗ, ਪੂਰਬੀ ਪੰਜਾਬ ਦੀਆਂ ਰਿਆਸਤਾਂ ਵੀ ਅਜੇ ਆਜ਼ਾਦ ਸਨ ਜਿਨ੍ਹਾਂ ਨੂੰ ਅੰਗ੍ਰੇਜ਼ ਖੁਲ੍ਹੀਆਂ ਛੱਡ ਗਏ ਸਨ। ੧੯੪੮ ਵਿਚ ਉਸ ਸਮੇ ਦੇ ਗ੍ਰਿਹ ਮੰਤਰੀ, ਸਰਦਾਰ ਵਲਭ ਭਾਈ ਪਟੇਲ ਦੀ ਚਾਣਕਿਆ ਨੀਤੀ ਨਾਲ਼ ਬਾਕੀ ਦੀਆਂ ਰਿਆਸਤਾਂ ਦੇ ਨਾਲ਼ ਹੀ ਇਹਨਾਂ ਰਿਆਸਤਾਂ ਨੂੰ ਵੀ ਤੋੜ ਕੇ ਇਕ ਸੂਬਾ ਪੈਪਸੂ ਨਾਂ ਦਾ ਵੱਖਰਾ ਬਣਾ ਦਿਤਾ ਸੀ। ਉਸ ਨੂੰ ਬਾਅਦ ਵਿਚ ਅਕਾਲੀ ਦਲ ਨਾਲ਼ ਹੋਏ ਰੀਜਨਲ ਫਾਰਮੂਲੇ ਵਾਲ਼ੇ ਸਮਝੌਤੇ ਅਧੀਨ, ੧ ਨਵੰਬਰ ੧੯੫੬ ਵਾਲ਼ੇ ਦਿਨ ਪੰਜਾਬ ਵਿਚ ਸ਼ਾਮਲ ਕਰ ਦਿਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਸ਼ਾਇਦ ਇਸ ਵਿਚਾਰ ਨਾਲ਼ ਸਹਿਮਤ ਹੋ ਗਏ ਹੋਣਗੇ ਕਿ ਰੀਜਨਲ ਫਾਰਮੂਲੇ ਉਪਰ ਸਰਕਾਰ ਇਮਾਨਦਾਰੀ ਨਾਲ਼ ਅਮਲ ਕਰੇਗੀ। ਇਸ ਤੋਂ ਇਲਾਵਾ ਪੰਜਾਬ ਅਤੇ ਪੈਪਸੂ ਦੋਹਾਂ ਸੂਬਿਆਂ ਦਾ ਪੰਜਾਬੀ ਬੋਲਦਾ ਸਾਰਾ ਇਲਾਕਾ ਇਕ ਥਾਂ ਇੱਕਠਾ ਹੋ ਜਾਵੇਗਾ ਅਤੇ ਅਕਾਲੀ ਦਲ ਦੀ ਨੀਤੀ ਅਨੁਸਾਰ ਅਗਲੇ ਪੜਾ ਵਜੋਂ, ਜਦੋਂ ਪੰਜਾਬੀ ਬੋਲੀ ਦੇ ਆਧਾਰ 'ਤੇ ਇਸ ਪੰਜਾਬ ਦੀ ਵੰਡ ਹੋਵੇਗੀ ਤਾਂ ਇਹ ਸਾਰਾ ਇਲਾਕਾ ਉਸ ਇਕ ਸੂਬੇ ਵਿਚ ਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਵਿਚ ਗਿਆਨੀ ਕਰਤਾਰ ਸਿੰਘ ਨੇ ਡੈਲੀਗੇਟਾਂ ਨੂੰ ਇਹ ਦਲੀਲ ਦੇ ਕੇ ਹੀ ਰੀਜਨਲ ਫਾਰਮੂਲੇ ਦੇ ਹੱਕ ਵਿਚ ਪਾਸ ਕਰਵਾਇਆ ਸੀ ਕਿ ਇਹ ਤੇ ਛੁਹਾਰਾ ਹੈ। ਇਸ ਤੋਂ ਅਗਲਾ ਕਦਮ ਵਿਆਹ ਵਾਲ਼ਾ ਹੋਵੇਗਾ। ਪੰਜਾਬੀ ਬੋਲੀ ਉਪਰ ਆਧਾਰਤ ਸੂਬਾ ਅਗਲੀ ਵਾਰੀ ਦੇ ਸੰਘਰਸ਼ ਨਾਲ਼ ਮਿਲ਼ ਜਾਵੇਗਾ। ਇਸ ਲਈ ਹਾਲ ਦੀ ਘੜੀ, ਵਿਆਹ ਹੋ ਜਾਣ ਦੀ ਆਸ ਵਿਚ ਇਸ ਨੂੰ ਛੁਹਾਰੇ ਵਜੋਂ ਹੀ ਕਬੂਲ ਕਰ ਲਿਆ ਜਾਵੇ।


( ਸਰਦਾਰ ਵਲਭ ਭਾਈ ਪਟੇਲ ਅਤੇ ਪੰਡਤ ਜਵਾਹਰ ਲਾਲ ਨਹਿਰੂ)

ਸਿਆਸੀ ਪੱਖੋਂ ਸਮਝਦਾਰ ਕੁਝ ਸਿੱਖਾਂ ਦੀ ਸੋਚ ਕੁਝ ਇਸ ਤਰ੍ਹਾਂ ਦੀ ਹੋ ਗਈ ਸੀ ਉਹਨੀਂ ਦਿਨੀਂ ਕਿ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ਼ ਗਿਆ ਤੇ ਹਿੰਦੂਆਂ ਨੂੰ ਹਿੰਦੁਸਤਾਨ ਪਰ ਸਿੱਖ ਨਾ ਧਰਤੀ 'ਤੇ ਨਾ ਆਸਮਾਨ ਵਿਚ। ਅਰਥਾਤ ਸਿਆਸੀ ਪੱਖੋਂ ਸਿੱਖ ਖਾਲੀ ਰਹਿ ਗਏ। ਡਾਕਟਰ ਅੰਬੇਦਕਰ ਨੇ ਵੀ ਇਕ ਅਕਾਲੀ ਡੇਲੀ ਗੇਸ਼ਨ ਨੂੰ ਕਹਿਾ ਸੀ ਕਿ ਸਿੱਖ ਬੱਸ ਮਿੱਸ ਕਰ ਗਏ ਹਨ। ਅੰਗ੍ਰੇਜ਼ੀ ਰਾਜ ਸਮੇ, ਵੱਖ ਵੱਖ ਧਰਮਾਂ ਦੀਆਂ ਵੱਖ ਵੱਖ ਚੋਣਾਂ ਹੋਣ ਕਰਕੇ, ਜੋ ਸਿੱਖ ਪੰਜਾਬ ਵਿਚ ਤੀਜੇ ਨੰਬਰ ਦੇ ਭਾਈਵਾਲ ਸਨ ਉਹ ਹੁਣ, ਸਾਂਝੀਆਂ ਚੋਣਾਂ ਹੋਣ ਕਰਕੇ, ਕਾਂਗਰਸ ਦੇ ਰਹਿਮੋ ਕਰਮ ਉਪਰ ਰਹਿ ਗਏ। ਕਾਂਗਰਸ ਪਾਰਟੀ ਦੇ ਫਿਰਕੂ ਸੋਚ ਵਾਲ਼ੇ ਕਿਸੇ ਸਿੱਖ ਨੂੰ ਆਪਣੀਆਂ ਸ਼ਰਤਾਂ ਉਪਰ ਹੀ ਕੁਝ ਹਿੱਸਾ ਰਾਜਸੀ ਤਾਕਤ ਵਿਚ ਦੇਣ ਜਾਂ ਨਾ ਦੇਣ। ਇਹ ਵੇਖ ਕੇ ਸਾਰੇ ਹਿੰਦੁਸਤਾਨ ਦੀ ਰਾਜਸੀ ਸ਼ਕਤੀ ਕਾਂਗਰਸ ਦੀ ਅਗਵਾਈ ਹੇਠ, ਫਿਰਕਾ ਪ੍ਰਸਤਾਂ ਦੇ ਹੱਥ ਆ ਗਈ ਹੈ, ਅਕਾਲੀ ਦਲ ਦੇ ਲੀਡਰ ਇਕ ਦੂਜੇ ਤੋਂ ਅੱਗੇ ਹੋ ਹੋ ਕੇ ਕਾਂਗਰਸ



ਦਰਬਾਰ ਸਾਹਿਬ ਦੀ ਪਰਿਕਰਮਾਂ ਵਿਚ ਪੁਲਿਸ।


ਵਿਚ ਸ਼ਾਮਲ ਹੋਣੇ ਸ਼ੁਰੂ ਹੋ ਗਏ। “ਪਹਿਲਾਂ ਆਓ, ਪਹਿਲਾਂ ਪਾਓ” ਦੇ ਅਸੂਲ ਅਨੁਸਾਰ, ਇਕ ਦੂਜੇ ਤੋਂ ਮੋਹਰੇ ਹੋ ਕੇ ਕਾਂਗਰਸੀ ਸਜਣ ਲੱਗ ਪਏ। ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ੧੯੪੮ ਵਿਚ ਫੈਸਲਾ ਕਰਕੇ ਸਾਰੇ ਅਕਾਲੀ ਲੈਜਿਸਲੇਟਰ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਦੇਸ਼ ਦੀ ਸਿਆਸਤ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵਜੂਦ ਹੀ ਨਾ ਰਿਹਾ। ਸਿਆਸੀ ਤਾਕਤ ਦੇ ਚਾਹਵਾਨ ਸਿੱਖਾਂ ਨੂੰ ਕਾਂਗਰਸੀ ਬੁਰਕਾ ਪਾਉਣ ਨਾਲ਼ ਸਾਰੇ ਹਿੰਦੁਸਤਾਨ ਦੇ ਰਾਜਸੀ ਮੈਦਾਨ ਵਿਚ ਖੁਲ੍ਹਾ ਵਿਚਰਨ ਅਤੇ ਰਾਜਸੀ ਤਾਕਤ ਦਾ ਸਵਾਦ ਚਖ ਕੇ ਆਨੰਦ ਮਾਨਣ ਦਾ ਮੌਕਾ ਮਿਲ਼ਦਾ ਸੀ। ਦੂਜੇ ਪਾਸੇ ਅਕਾਲੀ ਦਲ ਵਿਚ ਰਹਿ ਕੇ ਸਿਆਸੀ ਤਾਕਤ ਤੋਂ ਵਿਰਵੇ ਰਹਿਣ ਲਈ ਮਜਬੂਰ ਹੋਣਾ ਪੈਂਦਾ ਸੀ। ਉਸ ਸਮੇ ਸ਼੍ਰੋਮਣੀ ਕਮੇਟੀ ਉਪਰ ਵੀ ੧੯੫੫ ਤੱਕ ਕਾਂਗਰਸੀ ਸਿੱਖਾਂ ਦਾ ਅੱਠ ਸਾਲ ਦੇ ਸਮੇ ਤੱਕ ਕਬਜ਼ਾ ਰਿਹਾ ਸੀ। ਇਸ ਹਾਲਤ ਵਿਚ ਵੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ, ਸਿਰੜੀ ਅਕਾਲੀ ਵਰਕਰਾਂ ਨੇ ਪੰਥ ਦਾ ਝੰਡਾ ਹੱਥੋਂ ਨਹੀਂ ਸੀ ਛੱਡਿਆ।

ਇਸ ਹਾਲਤ ਵਿਚ ਅਕਾਲੀ ਆਗੂ ਆਲ਼ੇ ਦੁਆਲ਼ੇ ਝਾਕ ਕੇ ਕਿ ਇਸ ੯੦% ਕੁਰਬਾਨੀਆਂ ਕਰਕੇ ਪ੍ਰਾਪਤ ਕੀਤੀ ਗਈ ਆਜ਼ਾਦੀ ਵਿਚ ਤਾਂ ਉਹਨਾਂ ਦੇ ਹੱਥ ਕੁਝ ਵੀ ਨਹੀਂ ਆਇਆ ਸਗੋਂ ਅੰਗ੍ਰੇਜ਼ਾਂ ਵੇਲ਼ੇ ਪੰਜਾਬ ਵਿਚ ਮੰਨੀ ਜਾਂਦੀ ਤੀਜੀ ਸਿਆਸੀ ਧਿਰ ਵਾਲ਼ਾ ਥਾਂ ਵੀ ਕਿਤੇ ਨਾ ਰਿਹਾ। ਫਿਰ ਆਜ਼ਾਦੀ ਤੋਂ ਪਹਿਲਾਂ ਅਕਾਲੀ ਲੀਡਰ ਪਾਕਿਸਤਾਨ ਦੇ ਸਖ਼ਤ ਵਿਰੋਧੀ ਸਨ। ਕਦੀ ਆਖਣਾ ਜੇ ਪਾਕਿਸਤਾਨ ਬਣੇ ਤਾਂ ਸਿੱਖ ਸਟੇਟ ਵੀ ਬਣੇ। ਕਦੀ ਕਹਿਣਾ ਜਿ ਪੰਜਾਬ ਦੇ ਵਿਚਕਾਹੇ ਜਿਹੇ ‘ਆਜ਼ਾਦ ਪੰਜਾਬ’ ਦਾ ਇਕ ਸੂਬਾ ਅਜਿਹਾ ਬਣੇ ਜਿਸ ਵਿਚ ੪੦% ਹਿੰਦੂ, ੪੦% ਮੁਸਲਮਾਨ ਅਤੇ ੨੦% ਸਿੱਖ ਆਬਾਦੀ ਹੋਵੇ ਅਤੇ ਉਸ ਵਿਚ ਅੰਮ੍ਰਿਤਸਰ ਤੋਂ ਲੈ ਕੇ ਨਨਕਾਣਾ ਸਾਹਿਬ ਤੱਕ ਦਾ ਇਲਾਕਾ ਸ਼ਾਮਲ ਹੋਵੇ। ਸਿੱਖਾਂ ਦੀ ਬਹੁਸੰਮਤੀ ਤਾਂ ਦੋ ਤਸੀਲਾਂ ਨੂੰ ਛੱਡ ਕੇ ਹੋਰ ਕਿਤੇ ਹੈ ਨਹੀਂ ਸੀ ਤੇ ਦੋ ਤਸੀਲਾਂ ਦਾ ਦੇਸ਼ ਬਣ ਸਕਣਾ ਮੁਸ਼ਕਲ ਸੀ। ਇਸ ਸਮੇ ਵੱਖਰਾ ਦੇਸ਼ ਬਣ ਜਾਣ ਦੀ ਤੇ ਕਿਸੇ ਦੀ ਕਲਪਣਾ ਵਿਚ ਵੀ ਨਹੀਂ ਸੀ ਕਿ ਇਉਂ ਵੀ ਹੋ ਸਕਦਾ ਹੈ। ਲੋਕਾਂ ਦੀ ਆਮ ਸੋਚ ਸੀ ਕਿ ਸਰਕਾਰਾਂ ਦੇ ਬਦਲਦੀਆਂ ਆਈਆਂ ਕਦੀ ਜਨਤਾ ਵੀ ਬਦਲੀ ਹੈ! ਉਪਰੋਂ ਚਾਰ ਚੁਫੇਰੇ ਫਿਰਕਾ ਪ੍ਰਸਤਾਂ ਦੇ ਘੇਰੇ ਵਿਚ ਆਏ ਹੋਏ ਅਕਾਲੀ ਵਿਚਾਰਾਂ ਵਾਲ਼ੇ ਸਿੱਖ ਅੱਕੀਂ ਪਲਾਹੀਂ ਹੱਥ ਮਾਰਨ ਲੱਗੇ। ੧੯੫੧ ਦੀ ਜਨ ਗਣਨਾ ਸਮੇ ਤਾਂ ਹੱਦ ਹੀ ਹੋ ਗਈ, ਜਦੋਂ ਕਾਂਗਰਸ, ਪੰਜਾਬ ਦੇ ਪ੍ਰੈਸ, ਵਿਦਿਅਕ ਅਦਾਰਿਆਂ ਉਪਰ ਕਾਬਜ ਫਿਰਕਾ ਪ੍ਰਸਤਾਂ ਦੇ ਧੂਆਂ ਧਾਰ ਝੂਠੇ ਪ੍ਰਚਾਰ ਦੇ ਅਸਰ ਹੇਠ ਆ ਕੇ, ਪਛੜੀਆਂ ਸ਼੍ਰੇਣੀਆਂ ਦੀ ਜਨਤਾ ਨੇ ਵੀ, ਆਪਣੀ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਕੇ, ਮਾਂ ਬੋਲੀ ਦੇ ਖਾਨੇ ਵਿਚ ਹਿੰਦੀ ਲਿਖਵਾਈ। ਅਜਿਹਾ ਕੂੜ ਪ੍ਰਚਾਰ ਕਰਨ ਲਈ ਕਾਂਗਰਸ ਦੇ ਵਸੀਲੇ ਖੁਲ੍ਹਮ ਖੁਲ੍ਹੇ ਵਰਤੇ ਗਏ। ਪੰਜਾਬ ਕਾਂਗਰਸ ਦੇ ਸਮਕਾਲੀ ਲੀਡਰਾਂ ਅਤੇ ਜਨਰਲ ਸਕੱਤਰ ਲਾਲਾ ਜਗਤ ਨਾਰਾਇਣ ਨੇ ਆਪਣੀ ਉਰਦੂ ਵਿਚ ਬਹੁਤ ਪ੍ਰਭਾਵਸ਼ਾਲੀ ਅਖ਼ਬਾਰ ‘ਹਿੰਦ ਸਮਚਾਰ’ ਰਾਹੀਂ ਝੂਠੇ ਪ੍ਰਚਾਰ ਵਿਚ ਬਹੁਤ ਵੱਡਾ ਹਿੱਸਾ ਪਾਇਆ। ਇਸ ਦੇ ਨਾਲ਼ ਹੀ ਦੂਜੀਆਂ ਆਰੀਆ ਸਮਾਜੀ ਅਖ਼ਬਾਰਾਂ ਪਰਤਾਪ, ਮਿਲਾਪ, ਵੀਰ ਅਰਜਨ ਵੀ ਇਸ ਫਿਰਕੂ ਪ੍ਰਚਾਰ ਵਿਚ ੂਰੀ ਤਰ੍ਹਾਂ ਸ਼ਾਮਲ ਸਨ। ਫਿਰਕਾ ਪ੍ਰਸਤੀ ਦਾ ਇਹ ਪ੍ਰਤੱਖ ਪ੍ਰਗਟਾਵਾ ਸੀ। ਏਥੋਂ ਤੱਕ ਕਿ ਇਸ ਬੋਲੀ ਵਾਲ਼ੀ ਗਿਣਤੀ ਨੂੰ ਉਸ ਸਮੇ ਦੇ ਪ੍ਰਧਾਨ ਮੰਤਰੀ, ਪੰਡਤ ਨਹਿਰੂ ਨੇ ਵੀ ਗ਼ਲਤ ਕਹਿ ਦਿਤਾ ਸੀ।

ਸਿੱਖ ਕੌਮ ਦੀ ਅਗਵਾਈ ਕੌਣ ਕਰੇ ਦਾ ਫੈਸਲਾ, ੧੯੫੫ ਵਾਲ਼ੀ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੀ ਜਨਰਲ ਚੋਣ ਨੇ, ਸ਼੍ਰੋਮਣੀ ਅਕਾਲੀ ਦਲ ਨੂੰ ਫੈਸਲਾ ਕੁਨ ਜਿੱਤ ਦਿਵਾ ਕੇ ਕਰ ਦਿਤਾ। ਉਸ ਸਮੇ ਸ਼੍ਰੋਮਣੀ ਕਮੇਟੀ ਉਪਰ ਕਾਬਜ ਕਾਂਗਰਸੀ ‘ਖ਼ਾਲਸਾ ਦਲ’ ਦੇ ਨਾਂ ਹੇਠਾਂ, ਜਥੇਦਾਰ ਗਰੁਪ ਨੂੰ ੧੪੦ ਵਿਚੋਂ ਕੇਵਲ ੩ ਸੀਟਾਂ ਹੀ

ਮਿਲ਼ੀਆਂ ਜਦੋਂ ਕਿ ਸ਼੍ਰੋਮਣੀ ਕਮੇਟੀ, ਕਾਂਗਰਸ ਪਾਰਟੀ, ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਦੇ ਵਸੀਲੇ ਵੀ ਖ਼ਾਲਸਾ ਦਲ ਦੇ ਨਾ਼ਲ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਹੱਥ ਇਹ ਨੁਕਤਾ ਆ ਗਿਆ ਕਿ ਜੇ ਬੋਲੀ ਦੇ ਆਧਾਰ ਤੇ ਪੰਜਾਬ ਦੀ ਵੰਡ ਹੋ ਜਾਵੇ ਤਾਂ ਸਿੱਖ ਬਹੁਸੰਮਤੀ ਵਾ਼ਲਾ ਸੂਬਾ ਵਜੂਦ ਵਿਚ ਆ ਸਕਦਾ ਹੈ ਅਤੇ ਇਸ ਮੰਗ ਨਾ਼ਲ ਸ਼੍ਰੋਮਣੀ ਅਕਾਲੀ ਦਲ ਉਪਰ ਫਿਰਕੂ ਹੋਣ ਦਾ ਫਤਵਾ ਵੀ ਨਹੀਂ ਲਾਇਆ ਜਾ ਸਕਦਾ; ਕਿਉਂਕਿ ਇਹ ਮੰਗ ਕਾਂਬਰਸ ਦੀ ਆਪਣੀ ਨੀਤੀ ਦੇ ਅਨੁਸਾਰ ਸੀ। ਆਜ਼ਾਦੀ ਦ ਸੰਗਰਸ਼ ਸਮੇ ਕਾਂਗਰਸ ਦੀ ਨੀਤੀ ਇਹਿ ਸੀ ਕਿ ਅੰਗ੍ਰੇਜ਼ਾਂ ਨੇ ਜਿਵੇਂ ਜਿਵੇਂ ਇਲਾਕੇ ਜਿੱਤੇ ਜਾਂ ਜਿਵੇਂ ਉਹਨਾਂ ਨੂੰ ਰਾਜ ਕਰਨ ਲਈ ਸਹੂ਼ਲਤ ਸੀ, ਉਹਨਾਂ ਨੇ ਬੋਲੀ ਅਤੇ ਸਭਿਆਚਾਰਕ ਏਕਤਾ ਨੂੰ ਵਿਚਾਰੇ ਬਿਨਾ ਹੀ ਸੂਬਿਆਂ ਦੀ ਵੰਡ ਕੀਤੀ ਹੈ। ਆਜ਼ਾਦੀ ਤੋਂ ਬਾਅਦ ਕਾਂਗਸ ਨਵੇਂ ਸਿਰਿਉਂ ਅਜਿਹੀਆਂ ਗੱਲਾਂ ਨੂੰ ਵਿਚਾਰ ਕੇ, ਦੇਸ਼ ਨੂੰ ਸੂਬਿਆਂ ਵਿਚ ਵੰਡੇਗੀ। ਬਾਕੀ ਸੂਬੇ ਤਾਂ ਹੌ਼ਲੀ ਹੌ਼ਲੀ ਬਣਾਈ ਜਾ ਰਹੀ ਸੀ ਪਰ ਪੰਜਾਬੀ ਬੋਲੀ ਦੇ ਸੂਬੇ ਗੱਲ ਜਦੋਂ ਆਉਂਦੀ ਸੀ ਤਾਂ ਉਸ ਨੂੰ ਇਸ ਬਹਾਨੇ ਨਾ਼ਲ ਨਾਂਹ ਹੋ ਜਾਂਦੀ ਸੀ ਕਿ ਇਸ ਵਾਸਤੇ ਪੰਜਾਬ ਦੇ ਹਿੰਦੂ ਨਹੀਂ ਮੰਨਦੇ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਮੈਨੀਫੈਸਟੋ ਉਪਰ ਸ਼੍ਰੋਮਣੀ ਕਮੇਟੀ ਦੀ ੧੯੫੫ ਵਾ਼ਲੀ ਚੋਣ ਲੜੀ ਸੀ ਤੇ ਸਿੱਖਾਂ ਨੇ, ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤ ਦਿਵਾ ਕੇ, ਪੰਜਾਬੀ ਸੂਬੇ ਦੇ ਹੱਕ ਵਿਚ ਫਤਵਾ ਦੇ ਦਿਤਾ ਸੀ।


( ਗੁਲਜ਼ਾਰੀ ਲਾਲ ਨੰਦਾ ਅਤੇ ਪੰਡਤ ਜਵਾਹਰ ਲਾਲ ਨਹਿਰੂ)

ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸੀ ਸਿੱਖਾਂ ਪਾਸੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਪ੍ਰਾਪਤ ਕਰਨ ਲਈ, ਇਸ ਦੀ ਚੋਣ ਪੰਜਾਬੀ ਸੂਬੇ ਦੀ ਪ੍ਰਾਪਤੀ ਵਾ਼ਲਾ ਮੈਨੀਫੈਸਟੋ ਬਣਾ ਕੇ ਲੜੀ ਸੀ, ਇਸ ਲਈ ਪੰਜਾਬੀ ਸੂਬੇ ਲਈ ਜਦੋ ਜਹਿਦ ਕਰਨੀ ਹੀ ਕਰਨੀ ਸੀ। ਇਸ ਲਈ ਥਾਂ ਥਾਂ ਅਕਾਲੀ ਵਰਕਰਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਲਾਉਣੇ ਅਤੇ ਕੰਧਾਂ ਉਪਰ ਲਿਖਣੇ ਸ਼ੁਰੂ ਕਰ ਦਿਤੇ। ਪੰਜਾਬੀ ਸੂਬਾ ਜ਼ਿੰਦਾਬਾਦ, ਪੰਜਾਬੀ ਸੂਬਾ ਸਾਡਾ ਪੈਦਾਇਸ਼ੀ ਹੱਕ ਹੈ, ਲੈ ਕੇ ਰਹਾਂਗੇ ਪੰਜਾਬੀ ਸੂਬਾ ਆਦਿ ਵਰਗੇ ਨਾਹਰੇ ਸਿੱਖ ਬਹੁਸੰਮਤੀ ਦੇ ਜ਼ਿਲ੍ਹਿਆਂ ਵਾ਼ਲੇ ਇਲਾਕਿਆਂ ਵਿਚ ਗੂੰਜਣੇ ਸ਼ੁਰੂ ਹੋ ਗਏ। ਪੰਜਾਬ ਦੀ ਲਾਲਾ ਭੀਮ ਸੈਨ ਸੱਚਰ ਸਰਕਾਰ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਉਪਰ ਪਾਬੰਦੀ ਲਾ ਕੇ ਅਕਾਲੀ ਵਰਕਰ ਗ੍ਰਿਫ਼ਤਾਰ ਕਰਨੇ ਸ਼ੁਰੂ ਕਰ ਦਿਤੇ। ੧੨ ਕੁ ਹਜਾਰ ਅਕਾਲੀ ਆਗੂ ਅਤੇ ਵਰਕਰ ਜੇਹਲਾਂ ਵਿਚ ਬੰਦ ਕਰ ਦਿਤੇ ਗਏ। ਮੋਰਚਾ ਫੇਹਲ ਕਰਨ ਵਾਸਤੇ, ਚਾਰ ਅਤੇ ਪੰਜ ਜੁਲਾਈ ੧੯੫੫ ਦੀ ਅਧੀ ਰਾਤ ਨੂੰ, ਪੁਲਿਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰ ਹਮਲਾ ਕਰ ਦਿਤਾ। ਜਿੰਨੇ ਵੀ ਅਕਾਲੀ ਆਗੂ ਅਤੇ ਕਾਰਕੁਨ ਕੰਪਲੈਕਸ ਦੇ ਅੰਦਰ ਸਨ, ਸਾਰੇ ਗ੍ਰਿਫ਼ਤਾਰ ਕਰ ਲਏ ਗਏ। ਗੁਰੂ ਰਾਮ ਦਾਸ ਸਰਾਂ, ਗੁਰਦੁਆਰਾ ਮੰਜੀ ਸਾਹਿਬ, ਗੁਰੂ ਕਾ ਲੰਗਰ, ਸ੍ਰੀ ਗੁਰੂ ਰਾਮ ਦਾਸ ਹਸਪਤਾਲ, ਸ੍ਰੀ ਦਰਬਾਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰਾਂ ਉਪਰ ਪੁਲਿਸ ਨੇ ਕਬਜਾ ਕਰ ਲਿਆ

ਤਾਂ ਕਿ ਨਾ ਕੋਈ ਵਾਲੰਟੀਅਰ ਮਿਲ਼ੇ ਜੇਹਲ ਜਾਣ ਲਈ, ਨਾ ਕਿਸੇ ਨੂੰ ਲੰਗਰ ਮਿਲ਼ੇ ਖਾਣ ਲਈ। ਜਦੋਂ ਅਗਲੇ ਦਿਨ ੫ ਜੁਲਾਈ ਨੂੰ ਇਹ ਖ਼ਬਰ ਸਿੱਖ ਸੰਗਤਾਂ ਵਿਚ ਫੈਲੀ ਤਾਂ ਉਹਨਾਂ ਵਿਚ ਹੋਰ ਵੀ ਜੋਸ਼ ਵੱਧ ਗਿਆ। ਮੰਜੀ ਸਾਹਿਬ ਦੀ ਬਜਾਇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਣੇ ਸ਼ੁਰੂ ਹੋ ਗਏ। ਸ਼ਹਿਰ ਦੀਆਂ ਬੀਬੀਆਂ ਨੇ ਘਰਾਂ ਵਿਚ ਲੰਗਰ ਪਕਾ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਪੁਚਾਉਣਾ ਸ਼ੁਰੂ ਕਰ ਦਿਤਾ। ਪੁਲਿਸ ਦਾ ਹਮਲਾ ਤੇ ਇਸ ਲਈ ਕੀਤਾ ਗਿਆ ਸੀ ਕਿ ਮੋਰਚਾ ਫੇਹਲ ਹੋ ਜਾਵੇ ਪਰ ਹੋ ਇਸ ਤੋਂ ਉਲ਼ਟ ਗਿਆ। ਸਿੱਖਾਂ ਵਿਚ ਸਰਕਾਰ ਦੇ ਇਸ ਹਮਲੇ ਨਾਲ਼ ਜੋਸ਼ ਸਗੋਂ ਕਈ ਗੁਣਾਂ ਹੋਰ ਵਧ ਗਿਆ।

ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖ ਪੰਥ ਵਿਚ ਉਭਰੇ ਜੋਸ਼ ਦੇ ਹੜ ਅੱਗੇ ਝੁਕਦਿਆਂ ਸਰਕਾਰ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਤੋਂ ਪਾਬੰਦੀ ਚੁੱਕ ਲਈ ਅਤੇ ਇਸ ਮੋਰਚੇ ਵਿਚ ਪੰਥ ਦੀ ਮੁਕੰਮਲ ਜਿੱਤ ਹੋਈ। ਅਕਤੂਬਰ ਵਿਚ ਮੁਖ ਮੰਤਰੀ ਲਾਲਾ ਭੀਮ ਸਨ ਸੱਚਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆ ਕੇ ਦੋਵੇਂ ਹੱਥ ਜੋੜ ਕੇ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਿਸ ਭੇਜਣ ਦੀ ਮੁਆਫੀ ਮੰਗੀ ਤੇ ਕਿਹਾ ਕਿ ਸਾਡਾ ਪਰਵਾਰ ਸਹਿਜਧਾਰੀ ਸਿੱਖ ਹੈ। ਮੇਰੇ ਮਾਤਾ ਪਿਤਾ ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ। ਮੈਂ ਵੀ ਰੋਜ਼ਾਨਾ ਜਪੁ ਜੀ ਸਾਹਿਬ ਜੀ ਦਾ ਪਾਠ ਕਰਦਾ ਹਾਂ। ਪੰਥ ਮੇਰੀ ਗ਼ਲਤੀ ਮੁਆਫ ਕਰੇ। ਕੁਝ ਦਿਨਾਂ ਬਾਅਦ ਉਸ ਨੇ ਮੁਖ ਮੰਤਰੀ ਪਦ ਤੋਂ ਅਸਤੀਫ਼ਾ ਦੇ ਦਿਤਾ ਤੇ ਉਸ ਨੂੰ ਸਰਕਾਰ ਨੇ ਉੜੀਸਾ ਦਾ ਗਵਰਨਰ ਲਾ ਦਿਤਾ ਅਤੇ ਉਸ ਦੇ ਥਾਂ, ਕਾਂਗਰਸ ਸਰਕਾਰ ਵੱਲੋਂ, ਸ. ਪ੍ਰਤਾਪ ਸਿੰਘ ਕੈਰੋਂ ਨੂੰ ਮੁਖ ਮੰਤਰੀ ਬਣਾ ਦਿਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੀ ਚੋਣ ਵਿਚ ਅਤੇ ਫਿਰ ਇਸ ਮੋਰਚੇ ਦੀ ਸ਼ਾਨਦਾਰ ਜਿੱਤ ਉਪ੍ਰੰਤ, ਸਿੱਖ ਪੰਥ ਵਿਚ ਭਾਰੀ ਉਤਸ਼ਾਹ ਵਾਲ਼ਾ ਵਾਤਾਵਰਨ ਬਣਿਆ ਹੋਇਆ ਸੀ। ਏਸੇ ਸਮੇ ਹੀ ਫਰਵਰੀ ੧੯੫੬ ਵਾਲ਼ੀ ਅਕਾਲੀ ਕਾਨਫ੍ਰੰਸ ਵਾਲ਼ਾ ਸਮਾਗਮ ਆ ਗਿਆ।


ਉਪਰ ਲਿਖੀਆਂ ਦੋ ਜਿੱਤਾਂ ਕਰਕੇ ਸਿੱਖ ਜਨਤਾ ਵਿਚ ਆਮ ਕਰਕੇ ਅਤੇ ਅਕਾਲੀਆਂ ਵਿਚ ਖਾਸ ਕਰਕੇ, ਚੜ੍ਹਦੀ ਕਲਾ ਵਾਲ਼ਾ ਉਤਸ਼ਾਹ ਜਨਕ ਵਾਤਾਵਰਣ ਪ੍ਰਭਾਵੀ ਹੋ ਰਿਹਾ ਸੀ। ਅਜਿਹੇ ਵਾਤਾਵਰਣ ਦੌਰਾਨ ਹੀ ਅਗਲੇ ਸਾਲ ਦੇ ਸ਼ੁਰੂ ਵਿਚ ਅੰਮ੍ਰਿਤਸਰ ਵਿਖੇ 'ਸਰਬ ਹਿੰਦ ਅਕਾਲੀ ਕਾਨਫ੍ਰੰਸ' ਕਰਨ ਦਾ, ਅਕਾਲੀ ਲੀਡਰਸ਼ਿਪ ਨੇ ਫੈਸਲਾ ਕਰ ਲਿਆ। ਐਨ ਓਸੇ ਹੀ ਸਮੇ ਕਾਂਗਰਸ ਨੇ ਵੀ ਆਪਣੀ 'ਆਲ ਇੰਡੀਆ ਕਾਨਫ੍ਰੰਸ' ਤੇ ਜਨਸੰਘ ਨੇ ਵੀ ਆਪਣਾ 'ਅਖਿਲ ਭਾਰਤੀ ਅਧਿਵੇਸ਼ਨ' ਕਰਨ ਦਾ ਪ੍ਰੋਗਰਾਮ ਬਣਾ ਲਿਆ। ਸਿੱਖਾਂ ਵਿਚ ਇਸ ਕਾਨਫ੍ਰੰਸ ਕਰਕੇ ਬੜਾ ਭਾਰੀ ਉਤਸ਼ਾਹ ਸੀ। ਮੈਂ ਵੀ ਰੌਣਕ ਮੇਲਾ ਵੇਖਣ ਲਈ ਤਰਨ ਤਾਰਨੋ ਬੱਸ ਤੇ ਬੈਠ ਕੇ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿਤੇ। ਰਸਤੇ ਵਿਚ ਥਾਂ ਥਾਂ ਉਤਸ਼ਾਹੀ ਸਿੱਖਾਂ ਵੱਲੋਂ, ਸਿੰਘਾਂ ਦੀਆਂ ਦਸਤਾਰਾਂ ਤੇ ਸਿੰਘਣੀਆਂ ਦੇ ਸਿਰ ਵਾਲ਼ੇ ਲੀੜੇ, ਨੀਲੇ ਰੰਗ ਵਿਚ ਰੰਗਣ ਲਈ ਭੱਠੀਆਂ ਚਾਹੜੀਆਂ ਹੋਈਆਂ ਸਨ। ਹਰੇਕ ਸਿੱਖ ਬੀਬੀ ਦਾ ਸਿਰ ਵਾਲ਼ਾ ਲੀੜਾ ਤੇ ਹਰੇਕ ਸਿੱਖ ਦੀ ਪੱਗ ਨੂੰ ਲੁਹਾ ਕੇ ਤਪ ਰਹੀ ਕੜਾਹੀ ਵਿਚ ਡੋਬ ਕੇ ਨੀਲੇ ਕੀਤੇ ਜਾ ਰਹੇ ਸਨ।



ਪਹਿਲਾਂ ਪਹਿਲਾਂ ਤਰਨ ਤਾਰਨੋ ਅੰਮ੍ਰਿਤਸਰ ਦੇ ਰਸਤੇ ਵਿਚ ਬਹੁਤੀਆਂ ਬੱਸਾਂ ਜਨਸੰਘੀਆਂ ਨਾਲ਼ ਭਰੀਆਂ ਹੋਈਆਂ ਹੀ ਜਾ ਰਹੀਆਂ ਦਿਸੀਆਂ ਸਨ ਜੋ ਕਿ ਖੱਟੀਆਂ ਟੋਪੀਆਂ ਪਾਈ, ਹੱਥਾਂ ਵਿਚ ਜਨਸੰਘੀ ਝੰਡੇ ਫੜੀ, ਅੰਮ੍ਰਿਤਸਰ ਵੱਲ ਨੂੰ ਧਾਈ ਕਰੀ ਜਾ ਰਹੇ ਸਨ। ਇਹ ਬੱਸਾਂ ਦੋਹਾਂ ਦਰਿਆਵਾਂ ਦੇ ਸੰਗਮ ਉਪਰ ਬਣੇ ਹਰੀ ਕੇ ਪੱਤਣ ਵਾਲ਼ੇ ਪੁਲ਼ ਰਾਹੀਂ ਅੰਮ੍ਰਿਤਸਰ ਜ਼ਿਲ੍ਹੇ ਦੀ ਹੱਦ ਅੰਦਰ ਦਾਖਲ ਹੋ ਰਹੇ ਸਨ।

ਉਹਨਾਂ ਵੱਲੋਂ ਟਿਪੀਕਲ ਹਿੰਦੀ ਵਿਚ ਇਕ ਨਾਹਰਾ ਇਹ ਵੀ ਲਾਇਆ ਜਾ ਰਿਹਾ ਸੀ, "ਅੰਮ੍ਰਿਤਸਰ ਕੋ ਜਾਨੱਾ ਹੈ। ਮਹਾਂ ਪੰਜਾਬ ਬਨਾਨੱਾ ਹੈ।" ਯਾਦ ਰਹੇ ਕਿ ਜਿਥੇ ਅਕਾਲੀ ਉਸ ਸਮੇ ਦੇ ਪੰਜਾਬ ਵਿਚੋਂ ਹਿੰਦੀ ਬੋਲਣ ਵਾਲ਼ੇ ਇਲਾਕੇ ਛਾਂਗ ਕੇ, ਬਾਕੀ ਪੰਜਾਬ ਨੂੰ ਪੰਜਾਬੀ ਸੂਬੇ ਦੇ ਰੂਪ ਵਿਚ ਸਿਰਜਣਾ ਚਾਹੁੰਦੇ ਸਨ ਤਾਂ ਕਿ ਆਜ਼ਾਦੀ ਦੀ ਲੜਾਈ ਦੌਰਾਨ, ਕਾਂਗਰਸੀ ਲੀਡਰਾਂ ਵੱਲੋਂ ਸਿਖਾਂ ਨਾਲ਼ ਸਮੇ ਸਮੇ ਕੀਤੇ ਜਾਂਦੇ ਰਹੇ ਵਾਅਦਿਆਂ ਦੀ, ਕਿਸੇ ਹੱਦ ਤੱਕ ਪੂਰਤੀ ਹੋ ਸਕੇ ਤੇ ਦੇਸ ਵਿਚ ਰਾਜਸੀ ਤੌਰ ਤੇ ਸਿਖਾਂ ਦੀ ਆਵਾਜ਼ ਦਾ ਵੀ ਕੋਈ ਵਜਨ ਬਣਾਇਆ ਜਾ ਸਕੇ। ਦੂਜੇ ਪਾਸੇ ਕਾਂਗਰਸੀ ਤੇ ਜਨਸੰਘੀ ਫਿਰਕੂ ਦ੍ਰਿਸ਼ਟੀਕੋਣ ਵਾਲ਼ੇ ਸੱਜਣ ਸਿੱਖਾਂ ਦੀ ਨਿਗੂਣੀ ਤੋਂ ਨਿਗੂਣੀ ਰਾਜਸੀ ਬੇਹਤਰੀ ਤੋਂ ਵੀ ਚਿੜ੍ਹਦੇ ਸਨ ਤੇ ਉਸ ਸਮੇ ਦੇ ਪੰਜਾਬ ਵਿਚੋਂ ਹਿੰਦੀ ਭਾਸ਼ੀ ਇਲਾਕੇ ਕੱਢਣ ਦੇ ਉਲਟ, ਕੇਂਦਰ ਪ੍ਰਸ਼ਾਸਤ ਪੂਰਾ ਹਿਮਾਚਲ ਪ੍ਰਦੇਸ਼, ਦਿੱਲੀ, ਰਾਜਿਸਥਾਨ ਆਦਿ ਦੇ ਨਾਲ਼ ਲੱਗਵੇਂ ਸੂਬਿਆਂ ਦੇ ਹਿੰਦੂ ਬਹੁਸੰਮਤੀ ਵਾਲ਼ੇ ਇਲਾਕੇ ਵੀ ਸ਼ਾਮਲ ਕਰਵਾ ਕੇ, ਪੰਜਾਬ ਵਿਚ ਸਿੱਖ ਵਸੋਂ ਨੂੰ ਹੋਰ ਵੀ ਘਟਾਉਣਾ ਚਾਹੁੰਦੇ ਸਨ ਤਾਂ ਕਿ ਪੰਜਾਬ ਅਸੈਂਬਲੀ ਵਿਚ ਸਿੱਖ ਹਿਤਾਂ ਦੀ ਪੈਰਵਾਈ ਕਰਨ ਵਾਲ਼ੀ ਧਿਰ ਨੂੰ ਹੋਰ ਵੀ ਕਮਜੋਰ ਕੀਤਾ ਜਾ ਸਕੇ। ਕਾਂਗਰਸੀ ਸਿੱਖ ਵੀ, ਆਪਣੇ 'ਮਾਲਕਾਂ' ਨੂੰ ਖ਼ੁਸ਼ ਕਰਨ ਲਈ, ਵਧ ਚੜ੍ਹ ਕੇ ਸ਼੍ਰੋਮਣੀ ਅਕਾਲੀ ਦਲ ਦੀ ਹਰੇਕ ਮੰਗ ਦਾ ਵਿਰੋਧ ਕਰਿਆ ਹੀ ਕਰਦੇ ਸਨ। ਅਜਿਹੇ ਫਿਰਕੂ ਮਾਹੌਲ ਵਿਚ ਓਹਨੀਂ ਦਿਨੀਂ ਇਹ ਤਿੰਨੇ ਕਾਨਫ਼੍ਰੰਸਾਂ ਇਕੋ ਸਮੇ ਤੇ ਇਕੋ ਸ਼ਹਿਰ, ਅੰਮ੍ਰਿਤਸਰ ਵਿਚ ਕੀਤੀਆਂ ਜਾ ਰਹੀਆਂ ਸਨ।

ਇਕੋ ਦਿਨ ਹੀ ਤਿੰਨਾਂ ਕਾਨਫ਼੍ਰੰਸਾਂ ਦੇ ਜਲੂਸ ਨਿਕਲ਼ੇ। ਦੂਜਿਆਂ ਦਾ ਤਾਂ ਪਤਾ ਨਹੀ ਕਿਥੋਂ, ਕਦੋਂ ਤੇ ਕਿਹੋ ਜਿਹੇ ਨਿਕਲ਼ੇ ਪਰ ਸ਼੍ਰੋਮਣੀ ਅਕਾਲੀ ਦਲ ਦਾ ਜਲੂਸ, ਗੁਰਦੁਆਰਾ ਬੁਰਜ ਬਾਬਾ ਫੂਲਾ ਸਿੰਘ ਜੀ ਤੋਂ ਸ਼ੁਰੂ ਹੋਇਆ। ਜਿਉਂ ਹੀ ਸਵੇਰ ਤੋਂ ਇਹ ਜਲੂਸ ਸ਼ੁਰੂ ਹੋਇਆ ਪਤਾ ਨਹੀ ਰਾਤ ਕਦੋਂ ਤੱਕ ਚੱਲਦਾ ਰਿਹਾ। ਪਹਿਲਾਂ ਯਾਰਾਂ ਯਾਰਾਂ ਦੀ ਕਤਾਰ ਤੇ ਫੇਰ ਹੋਰ ਵਧ ਤੇ ਅਖੀਰ ਵਿਚ ਫਿਰ ਖੁਲ੍ਹੇ ਹੀ ਛੱਡ ਦਿਤੇ ਗਏ; ਬਈ ਜਿਵੇਂ ਕਿਸੇ ਦਾ ਜੀ ਕਰਦਾ ਹੈ ਤੁਰ ਪਵੇ ਕਿਉਂਕਿ ਏਨੀ ਜਨਤਾ ਨੂੰ ਜਬਤ ਵਿਚ ਰੱਖਣਾ ਸੰਭਵ ਨਹੀ ਸੀ।


(ਮਾਸਟਰ ਤਾਰਾ ਸਿੰਘ ਜੀ)

ਜਲੂਸ ਦੇ ਸਭ ਤੋਂ ਅੱਗੇ ਹਾਥੀ ਉਪਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਉਸ ਸਮੇ ਦੇ ਸਿੱਖ ਪੰਥ ਦੇ ਸਿਰਮੌਰ ਆਗੂ, ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਉਹਨਾਂ ਦੇ ਨਾਲ਼ ਸ. ਹੁਕਮ ਸਿੰਘ ਅਤੇ ਸ. ਹਰਬੰਸ ਸਿੰਘ ਮਜੀਠਾ, ਹਾਥੀ ਦੇ ਹੌਦੇ ਵਿਚ ਸਜੇ ਹੋਏ ਸਨ। ਮੈਂ ਇਸ ਜਲੂਸ ਵਿਚ ਹਾਲ ਗੇਟ ਤੋਂ ਬਾਹਰ ਉਚੇ ਪੁਲ਼ ਤੋਂ ਜਾ ਕੇ ਰਲ਼ਿਆ। ਬੜੇ ਜੋਸ਼ ਵਿਚ ਅਕਾਲੀ ਸਿੰਘ ਨਾਹਰੇ ਮਾਰਦੇ ਹੋਏ, ਪੰਡਾਲ਼ ਵੱਲ ਵਧ ਰਹੇ ਸਨ ਜੋ ਕਿ ਸ਼ਹਿਰੋਂ ਬਹੁਤ ਹੀ ਦੂਰ, ਕਾਂਗਰਸ ਵੱਲੋਂ ਆਪਣੀ ਕਾਨਫ਼੍ਰੰਸ ਲਈ ਉਚੇਚੇ ਵਸਾਏ ਗਏ, ਸ਼ਹੀਦ ਨਗਰ ਤੋਂ ਵੀ ਅੱਗੇ ਜਾ ਕੇ ਸਜਾਇਆ ਗਿਆ ਸੀ ਤੇ ਅਕਾਲੀ ਦਲ ਦਾ ਜਲੂਸ ਕਾਂਗਰਸ ਦੇ ਪੰਡਾਲ਼ ਦੇ ਅਗੋਂ ਦੀ ਲੰਘਦਾ ਸੀ। ਮੈਂ ਬਾਕੀ ਜਲੂਸ ਨਾਲੋਂ ਛੇਤੀ ਛੇਤੀ ਤੁਰ ਕੇ, ਦਿਨ ਹੁੰਦਿਆਂ ਹੀ ਪੰਡਾਲ਼ ਵਿਚ ਪੁੱਜ ਗਿਆ ਸਾਂ। ਵਿਸ਼ਾਲ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੁਸ਼ੋਭਤ ਹੋ ਰਿਹਾ ਸੀ। ਦੀਵਾਨ ਅਜੇ ਨਹੀਂ ਸੀ ਸਜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੀਵੇ ਕਰਕੇ ਦੋਹੀਂ ਪਾਸੀਂ ਦੋ ਵੱਡੀਆਂ ਫੋਟੋ ਸਜਾਈਆਂ ਹੋਈਆਂ ਸਨ। ਇਕ ਫੋਟੋ, ਜੋ ਕਿ ਮਹਾਰਾਜ ਜੀ ਦੇ ਸੱਜੇ ਪਾਸੇ ਸੀ ਉਹ ਮਾਸਟਰ ਜੀ ਦੀ ਸੀ, ਤੇ ਉਸ ਉਪਰ ਲਿਖਿਆ ਹੋਇਆ ਸੀ: ਪੰਥ ਦੇ ਜਰਨੈਲ, ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ। ਖੱਬੇ ਪਾਸੇ ਵਾਲ਼ੀ ਫੋਟੋ ਗਿਆਨੀ ਕਰਤਾਰ ਸਿੰਘ ਜੀ ਦੀ ਸੀ, ਜਿਸ ਉਪਰ ਲਿਖਿਆ ਹੋਇਆ ਸੀ: ਪੰਥ ਦੇ ਦਿਮਾਗ਼, ਗਿਆਨੀ ਕਰਤਾਰ ਸਿੰਘ ਜੀ।

ਇਸ ਕਾਨਫ਼੍ਰੰਸ ਦੇ ਜਲੂਸ ਸਮੇ ਹਾਥੀ ਉਪਰ ਸਵਾਰ ਹੋਏ ਮਾਸਟਰ ਤਾਰਾ ਸਿੰਘ ਜੀ ਦੀ ਫ਼ੋਟੋ ਬਹੁਤ ਪ੍ਰਸਿਧ ਹੋਈ ਤੇ ਦਹਾਕਿਆਂ ਤੱਕ ਪੰਥਕ ਸੋਚ ਵਾਲ਼ੇ ਸਿੱਖਾਂ ਦੇ ਘਰਾਂ ਦਾ ਸ਼ਿੰਗਾਰ ਬਣੀ ਰਹੀ।


(ਗਿਆਨੀ ਗੁਰਮੁਖ ਸਿੰਘ ਮੁਸਾਫ਼ਰ)

ਫਿਰ ਖਾਸਾ ਸਮਾ ਲੋਕਾਂ ਕੋਲ਼ੋਂ ਇਸ ਕਾਨਫ਼੍ਰੰਸ ਦੀ ਸਫ਼ਲਤਾ ਦੀਆਂ ਗੱਲਾਂ ਸੁਣਦੇ ਰਹੇ। ਕੁਝ ਸਾਲਾਂ ਬਾਅਦ ਇਹ ਵੀ ਪਤਾ ਲੱਗਾ ਕਿ ਦੇਸ਼ ਵਿਦੇਸ਼ ਦੇ ਪ੍ਰੈਸ ਨੇ ਵੀ ਅਕਾਲੀ ਦਲ ਦੇ ਇਸ ਲਾ ਮਿਸਾਲ ਜਬਤ, ਜਲੂਸ, ਉਤਸ਼ਾਹ, ਇਕੱਠ ਆਦਿ ਦੀ ਹੈਰਾਨੀ ਨਾਲ਼ ਰੀਪੋਰਟਿੰਗ ਕੀਤੀ ਸੀ। ਇਹ ਵੀ ਸੁਣਿਆ ਕਿ ਕਾਂਗਰਸ ਦੇ ਪੰਡਾਲ ਦਾ ਖਾਣਾ ਮੁੱਕ ਜਾਣ ਤੇ ਉਹ ਸ਼੍ਰੋਮਣੀ ਅਕਾਲੀ ਦਲ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਜਾਂਦੇ ਰਹੇ। ਸਿੱਖ ਪੰਥ ਦਾ ਇਹ ਮਹਾਨ ਇਕੱਠ, ਜੇਹੜਾ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਹੋਇਆ, ਵੇਖ ਕੇ, ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਏਨੇ ਬੌਖ਼ਲਾ ਗਏ ਕਿ ਉਹਨਾਂ ਨੂੰ ਆਪਣੀ ਸਪੀਚ ਵਿਚ ਇਹ ਆਖਣ ਲਈ ਮਜਬੂਰ ਹੋਣਾ ਪਿਆ, "ਯਹ ਲੋਗ ਬੜੇ ਬੜੇ ਜਲੂਸ ਨਿਕਾਲ਼ ਕਰ ਹਮੇ ਡਰਾਨਾ ਚਾਹਤੇ ਹੈਂ! ਹਮ ਨਹੀ ਇਨ ਸੇ ਡਰਤੇ!" ਬੰਦਾ ਪੁੱਛੇ ਭਈ ਜੇ ਤੁਸੀਂ ਨਹੀ ਡਰਦੇ ਤਾਂ ਨਾ ਸਹੀ; ਇਹ ਆਖਣ ਦੀ ਕੀ ਲੋੜ ਪੈ ਗਈ! ਵੈਸੇ ਇਸ ਸਮੇ ਦੀ ਕਾਂਗਰਸ ਕਾਨਫ਼੍ਰੰਸ ਦੀ ਸਵਾਗਤੀ ਕਮੇਟੀ ਦੇ ਪ੍ਰਧਾਨ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਜੀ ਸਨ, ਜੋ ਕਿ ਬਹੁਤ ਪਿੱਛੋਂ ਕਾਂਗਰਸ ਵੱਲੋਂ ੧ ਨਵੰਬਰ ੧੯੬੬ ਵਾਲ਼ੇ ਦਿਨ, ਪੰਜਾਬੀ ਸੂਬੇ ਦੇ ਪਹਿਲੇ ਮੁਖ ਮੰਤਰੀ ਬਣੇ ਪਰ ੮ ਮਾਰਚ ੧੯੬੭ ਤੱਕ, ਸਿਰਫ ਚਾਰ ਮਹੀਨੇ ਤੇ ਅੱਠ ਦਿਨਾਂ ਵਾਸਤੇ ਹੀ। ਫਿਰ ੧੯੬੭ ਵਾਲ਼ੀ ਇਲੈਕਸ਼ਨ ਵਿਚ, ਅੰਮ੍ਰਿਤਸਰ ਦੇ ਪੱਛਮੀ ਹਲਕੇ ਤੋਂ ਆਪਣੀ ਸੀਟ ਵੀ ਹਾਰ ਗਏ।

ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਤ ਤੋਂ ਪ੍ਰਭਾਵਤ ਹੋ ਕੇ ਕਾਂਗਰਸ ਸਰਕਾਰ ਅਕਾਲੀ ਦਲ ਨਾਲ਼ ਪੰਜਾਬੀ ਸੂਬੇ ਬਾਰੇ ਗੱਲ ਕਰਨ ਲਈ ਤਿਆਰ ਹੋਈ। ਦਲ ਵੱਲੋਂ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿਚ, ਸ. ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ, ਸ. ਗਿਆਨ ਸਿੰਘ ਰਾੜੇਵਾਲ਼ਾ ਅਤੇ ਚੀਫ਼ ਖਾਲਸਾ ਦੀਵਾਨ ਦੇ ਨੁਮਾਇੰਦੇ ਭਾਈ ਜੋਧ ਸਿੰਘ ਜੀ ਸ਼ਾਮਲ ਹੋਏ। ਮਾਸਟਰ ਜੀ ਸਰਕਾਰ ਪੱਖੀ ਚੀਫ਼ ਖ਼ਾਲਸਾ ਦੀਵਾਨ ਦਾ ਨੁਮਾਇੰਦਾ ਵੀ, ਸਰਕਾਰ ਗੱਲ ਬਾਤ ਕਰਨ ਸਮੇ ਆਪਣੇ ਨਾਲ਼ ਰੱਖਿਆ ਕਰਦੇ ਸਨ। ਕਾਂਗਰਸ ਵੱਲੋਂ ਪੰਡਤ ਜਵਾਹਰ ਲਾਲ ਨਹਿਰੂ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਪੰਡਤ ਗੋਵਿੰਦ ਵਲਭ ਪੰਤ ਸ਼ਾਮਲ ਹੁੰਦੇ ਰਹੇ। ਕੁਝ ਮੀਟਿੰਗਾਂ ਪਿੱਛੋਂ ਸਰਕਾਰ ਵੱਲੋਂ ਸਮਝੌਤੇ ਵਜੋਂ ਰੀਜਨਲ ਫਾਰਮੂਲਾ ਪੇਸ਼ ਕੀਤਾ ਗਿਆ। ਮਾਸਟਰ ਜੀ ਪੰਜਾਬੀ ਸੂਬੇ ਨਾਲ਼ੋਂ ਘੱਟ ਕਿਸੇ ਗੱਲ ਤੇ ਸਮਝੌਤਾ ਕਰਨ ਲਈ ਤਿਆਰ ਨਹੀਂ ਸਨ ਪਰ ਬਾਕੀ ਦੇ ਚਾਰੇ ਇਸ ਫਾਰਮੂਲੇ ਉਪਰ ਸਹਿਮਤ ਹੋ ਗਏ ਸਨ।


ਗਿ. ਕਰਤਾਰ ਸਿੰਘ ਅਤੇ ਸ. ਗਿਆਨ ਸਿੰਘ ਰਾੜੇਵਾਲ਼ਾ

ਇਹਨਾਂ ਚਾਰਾਂ ਵਿਚੋਂ ਸ. ਹੁਕਮ ਸਿੰਘ ਨੂੰ ਤੇ ੧੯੫੭ ਵਾਲ਼ੀਆਂ ਚੋਣਾਂ ਤੋਂ ਪਹਿਲਾਂ ਹੀ ਲੋਕ ਸਭਾ ਦਾ ਡਿਪਟੀ ਸਪੀਕਰ ਬਣਾ ਦਿਤਾ ਗਿਆ ਤੇ ਗਿਆਨੀ ਕਰਤਾਰ ਸਿੰਘ ਅਤੇ ਸ. ਗਿਆਨ ਸਿੰਘ ਰਾੜੇਵਾਲ਼ਾ ਨੂੰ ਚੋਣਾਂ ਤੋਂ ਬਾਅਦ ਪੰਜਾਬ ਵਿਚ ਵਜ਼ੀਰ ਬਣਾ ਦਿਤਾ ਗਿਆ। ਭਾਈ ਜੋਧ ਸਿੰਘ ਨੂੰ ਭਵਿਖ ਵਿਚ ਬਣਨ ਵਾਲ਼ੀ ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਵਾਈਸ ਚਾਂਸਲਰ ਬਣਾਉਣ ਦਾ ਲਾਰਾ ਲਾਇਆ ਗਿਆ ਜੋ ਬਾਅਦ ਵਿਚ ਪੂਰਾ ਵੀ ਕਰ ਦਿਤਾ ਗਿਆ। ਇਸ ਤੋਂ ਇਲਾਵਾ ਭਾਈ ਜੋਧ ਸਿੰਘ ਜੀ ਦੇ ਇਕ ਪੁੱਤਰ, ਸ. ਸੁੰਦਰ

ਸਿੰਘ ਆਈ.ਏ.ਐਸ. ਦੇ ਸਰਕਾਰੀ ਅਫ਼ਸਰ ਹੋਣ ਦਾ ਵੀ ਸ਼ਾਇਦ ਭਾਈ ਸਾਹਿਬ ਜੀ ਉਪਰ ਕੋਈ ਪ੍ਰਭਾਵ ਹੋਵੇ! ਇਸ ਤਰ੍ਹਾਂ ਪੰਜ ਮੈਂਬਰੀ ਡੈਪੂਟੇਸ਼ਨ ਦੇ ਚਾਰ ਮੈਂਬਰ ਤਾਂ ਸਰਕਾਰ ਨਾਲ਼ ਸਹਿਮਤ ਹੋ ਚੁੱਕੇ ਸਨ ਪਰ ਮਾਸਟਰ ਜੀ ਨਹੀਂ ਸਨ ਸਹਿਮਤ। ਫਿਰ ਸਰਕਾਰ ਨਾਲ਼ ਇਸ ਹੋਏ ਸਮਝੌਤੇ ਦੀ ਪ੍ਰਵਾਨਗੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਹਾਊਸ ਤੋਂ ਲੈਣੀ ਸੀ। ਉਸ ਹਾਊਸ ਵਿਚ ਬਹੁਤ ਹੀ ਥੋਹੜੇ ਡੈਲੀਗੇਟ ਮਾਸਟਰ ਜੀ ਨਾਲ਼ ਸਹਿਮਤ ਸਨ ਪਰ ਬਹੁਸੰਮਤੀ ਸਮਝੌਤੇ ਦੇ ਹੱਕ ਵਿਚ ਸੀ। ਗਿਆਨੀ ਕਰਤਾਰ ਸਿੰਘ ਦਲੀਲ ਦੇ ਬੜੇ ਧਨੀ ਸਨ। ਉਹਨਾਂ ਨੂੰ ਪੰਥ ਦਾ ਦਿਮਾਗ ਕਿਹਾ ਜਾਂਦਾ ਸੀ। ਉਹਨਾਂ ਨੇ ਦਲੀਲ ਦਿਤੀ ਕਿ ਕਰਾਉਣਾ ਤੇ ਆਪਾਂ ਵਿਆਹ ਹੀ ਹੈ। ਭਾਵ ਕਿ ਬਣਵਾਉਣਾ ਤੇ ਅਸੀਂ ਪੰਜਾਬੀ ਸੂਬਾ ਹੀ ਹੈ ਪਰ ਵਿਆਹ ਤੋਂ ਪਹਿਲਾਂ ਛੁਹਾਰਾ ਵੀ ਤੇ ਪੈਂਦਾ ਹੈ। ਇਸ ਫਰਮੂਲੇ ਨੂੰ ਛੁਹਾਰਾ ਸਮਝ ਕੇ ਮੰਨ ਲੈਣਾ ਚਾਹੀਦਾ ਹੈ। ਛੁਹਾਰੇ ਤੋਂ ਪਿੱਛੋਂ ਵਿਆਹ ਵੀ ਹੋ ਜਾਊਗਾ। ਬਹੁਸੰਮਤੀ ਨਾਲ਼ ਰੀਜਨਲ ਫਾਰਮੂਲਾ ਪ੍ਰਵਾਨ ਕਰ ਲਿਆ ਗਿਆ।

ਇਸ ਫਾਰਮੂਲੇ ਅਨੁਸਾਰ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਕੇ, ਪੰਜਾਬ ਨੂੰ ਹਿੰਦੀ ਅਤੇ ਪੰਜਾਬੀ, ਦੋ ਜ਼ੋਨਾਂ ਵਿਚ ਵੰਡਣਾ ਸੀ। ਹਿਮਾਚਲ ਵੱਖਰਾ ਰਹਿਣਾ ਸੀ। ਦੋਹਾਂ ਜ਼ੋਨਾਂ ਦੀਆਂ ਵੱਖ ਵੱਖ ਕੌਂਸਲਾਂ ਹੋਣੀਆਂ ਸਨ ਜਿਨ੍ਹਾਂ ਪਾਸ, ਲਾ ਐਂਡ ਆਰਡਰ, ਟੈਕਸ ਅਤੇ ਫਾਈਨੈਂਸ ਨੂੰ ਛੱਡ ਕੇ, ਬਾਕੀ ਸਾਰੇ ਮਹਿਕਮੇ ਹੋਣੇ ਸਨ। ਇਹਨਾਂ ਕਮੇਟੀਆਂ ਵੱਲੋਂ ਕੀਤੇ ਗਏ ਫੈਸਲੇ ਵਜ਼ਾਰਤ ਉਪਰ ਵੀ ਲਾਗੂ ਹੋਣੇ ਸਨ। ਵਿਚਾਰ ਵਿਖੇਵਾਂ ਹੋਣ ਤੇ ਗਵਰਨਰ ਦਾ ਫੈਸਲਾ ਆਖਰੀ ਹੋਣਾ ਸੀ। ਪੰਜਾਬੀ ਜ਼ੋਨ ਦੀ ਪਹਿਲੀ ਬੋਲੀ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਅਤੇ ਦੂਜੀ ਹੋਣੀ ਸੀ। ਹਿੰਦੀ ਜ਼ੋਨ ਦੀ ਪਹਿਲੀ ਦੇਵ ਨਾਗਰੀ ਅੱਖਰਾਂ ਵਿਚ ਹਿੰਦੀ ਅਤੇ ਦੂਜੀ ਬੋਲੀ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਹੋਣੀ ਸੀ। ਮਾਸਟਰ ਜੀ ਇਸ ਫਰਮੂਲੇ ਨੂੰ ਮੰਨਣ ਲਈ ਤਿਆਰ ਨਹੀ ਸਨ ਪਰ ਦਲ ਦੀ ਬਹੁਸੰਮਤੀ ਨੇ ਇਸ ਨੂੰ ਪ੍ਰਵਾਨ ਕਰ ਲਿਆ।

ਇਹ ਵੀ ਫੈਸਲਾ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਖਰੀਆਂ ਸਿਆਸੀ ਸਰਗਰਮੀਆਂ ਤਿਆਗ ਕੇ, ਸਿਰਫ ਕਾਂਗਰਸ ਰਾਹੀਂ ਹੀ ਸਿਆਸਤ ਵਿਚ ਹਿੱਸਾ ਲਵੇਗਾ। ਦਲ ਆਪਣੀਆਂ ਸਰਗਰਮੀਆਂ ਨੂੰ ਧਾਰਮਿਕ, ਵਿਦਿਅਕ, ਸਮਾਜਕ ਦਾਇਰੇ ਤੱਕ ਹੀ ਸੀਮਤ ਰੱਖੇਗਾ।

ਰੀਜਨਲ ਫਾਰਮੂਲਾ ਬਣ ਗਿਆ। ਪੈਪਸੂ ਪੰਜਾਬ ਵਿਚ ਸ਼ਾਮਲ ਹੋ ਕੇ ਦੋ ਜ਼ੋਨਾਂ, ਹਿੰਦੀ ਜ਼ੋਨ ਅਤੇ ਪੰਜਾਬੀ ਜ਼ੋਨ ਵਿਚ, ਵੰਡਿਆ ਗਿਆ। ਅਕਾਲੀ ਦਲ ਨੇ ਬਹੁਸੰਮਤੀ ਨਾਲ, ਰਾਜਸੀ ਤੌਰ ਤੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਫੈਸਲਾ ਵੀ ਕਰ ਲਿਆ ਤੇ ਮਾਸਟਰ ਜੀ ਜਾਂ ਹੋਰ ਮੁੱਠੀ ਭਰ ਅਕਾਲੀ ਕਾਰਕੁਨਾਂ ਨੂੰ ਛੱਡ ਕੇ ਸਾਰੇ ਹੀ ਮੁਖੀ ਅਕਾਲੀ ਕਾਂਗਰਸ ਵਿਚ ਸ਼ਾਮਲ ਹੋ ਗਏ। ੧੯੫੭ ਦੀਆਂ ਚੋਣਾਂ ਅਕਾਲੀਆਂ ਨੇ ਕਾਂਗਰਸ ਨਾਲ਼ ਰਲ ਕੇ, ਕਾਂਗਰਸ ਟਿਕਟ ਉਪਰ ਲੜੀਆਂ। ਦੋ ਕੁ ਦਰਜਨ ਅਕਾਲੀ, ਕਾਂਗਰਸ ਟਿਕਟ ਉਪਰ ਅਸੈਂਬਲੀ ਦੇ ਮੈਂਬਰ ਅਤੇ ਤਿੰਨ ਐਮ.ਪੀ. ਬਣ ਗਏ। ਗਿ. ਕਰਤਾਰ ਸਿੰਘ ਅਤੇ ਸ. ਗਿਆਨ ਸਿੰਘ ਰਾੜੇਵਾਲ਼ਾ ਨੂੰ ਪੰਜਾਬ ਵਿਚ ਵਜੀਰ ਬਣਾ ਦਿਤਾ ਗਿਆ ਅਤੇ ਸੈਂਟਰ ਵਿਚਲੀ, ਸ. ਹੁਕਮ ਸਿੰਘ ਦੀ ਡਿਪਟੀ ਸਪੀਕਰੀ ਵੀ ਕਾਇਮ ਰਹੀ ਜੋ ਕਿ ਬਾਅਦ ਵਿਚ ਲੋਕ ਸਭਾ ਦਾ ਪੂਰਾ ਸਪੀਕਰ ਅਤੇ ਪਿੱਛੋਂ ਰਾਜਿਸਥਾਨ ਦਾ ਗਵਰਨਰ ਵੀ ਬਣ ਗਿਆ। ਸਮਝੌਤਾ ਕਰਨ ਵਾਲ਼ੇ ਮਾਸਟਰ ਜੀ ਦੇ ਚਾਰ ਸਾਥੀਆਂ ਵਿਚੋਂ, ਬਾਕੀ ਇਕ ਬਚੇ, ਭਾਈ ਜੋਧ ਸਿੰਘ ਜੀ ਨੂੰ, ਫੌਰੀ ਤੌਰ ਤੇ ਮਿਲ਼ੇ ਇਨਾਮ ਦਾ ਤਾਂ ਪਤਾ ਨਹੀ ਪਰ ਉਹਨਾਂ ਨੂੰ ਬਾਅਦ ਵਿਚ ਬਣਨ ਵਾਲੀ ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਵਾਈਸ ਚਾਂਸਲਰ ਬਣਾ ਦਿਤਾ ਗਿਆ ਸੀ।


(ਸ. ਪ੍ਰਤਾਪ ਸਿੰਘ ਕੈਰੋਂ)

ਇਸ ਸਮਝੌਤੇ ਉਪਰ ਅਮਲ ਸਰਕਾਰ ਵੱਲੋਂ ਓਵੇਂ ਹੀ ਕੀਤਾ ਗਿਆ ਜਿਵੇਂ ਸਿੱਖਾਂ ਨਾਲ ਦੂਜੇ ਸਮਝੌਤਿਆਂ ਬਾਰੇ ਹੁੰਦਾ ਰਿਹਾ ਸੀ ਤੇ

ਹੁਣ ਵੀ ਹੁੰਦਾ ਹੈ। ਮਿਸਾਲ ਵਜੋਂ ਰਾਜੀਵ ਲੌਂਗੋਵਾਲ ਸਮਝੌਤੇ ਦਾ ਹਸ਼ਰ ਜੋ ਹੋਇਆ ਸਾਡੇ ਸਾਹਮਣੇ ਈ ਹੈ।

ਪੰਡਤ ਨਹਿਰੂ ਨੇ ਲਾਲਾ ਭੀਮ ਸੈਨ ਸੱਚਰ ਦੇ ਥਾਂ ਫਿਰ, ਸਿੰਘ ਸਭਾ ਅੰਦੋਲਨ ਦੇ ਇਕ ਮੁਖੀ, ਸ. ਨਿਹਾਲ ਸਿੰਘ ਕੈਰੋਂ ਦੇ ਪੁੱਤਰ, ਸ਼੍ਰੋਮਣੀ ਅਕਾਲੀ ਦੇ ਕਿਸੇ ਸਮੇ ਰਹਿ ਚੁੱਕੇ ਜਨਰਲ ਸਕੱਤਰ, ੧੯੩੭ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ, ਕਾਂਗਰਸੀ ਉਮੀਦਵਾਰ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਵਾਲ਼ਿਆਂ ਨੂੰ ਹਰਾ ਕੇ ਐਮ.ਐਲ.ਏ. ਬਣੇ ਅਤੇ ਬਾਅਦ ਵਿਚ ਦਲ ਨਾਲ਼ ਗ਼ਦਾਰੀ ਕਰਕੇ ਕਾਂਗਰਸ ਵਿਚ ਸ਼ਾਮਲ ਹੋਏ, ਸ. ਪ੍ਰਤਾਪ ਸਿੰਘ ਕੈਰੋਂ ਨੂੰ, ਪੰਡਤ ਨਹਿਰੂ ਨੇ ਥਾਪੜਾ ਦੇ ਕੇ, ਪੰਜਾਬ ਦਾ ਮੁਖ ਮੰਤਰੀ ਬਣਾ ਦਿਤਾ, ਸਿਰਫ ਇਸ ਸ਼ਰਤ ਉਪਰ ਹੀ ਕਿ ਹਰ ਹਾਲਤ ਵਿਚ ਅਕਾਲੀਆਂ ਨੂੰ ਨਹੀਂ ਉਠਣ ਦੇਣਾ। ਏਥੋਂ ਸ਼ੁਰੂ ਹੁੰਦੀ ਹੈ ਫਿਰ ਇਕ ਪਾਸੇ ਹਿੰਦ ਸਰਕਾਰ ਦੀ ਸਾਰੀ ਤਾਕਤ ਦੇ ਮੋਹਰੀ ਸਰਦਾਰ ਕੈਰੋਂ ਅਤੇ ਦੂਜੇ ਪਾਸੇ ਨੰਗੇ ਧੜ ਸ਼੍ਰੋਮਣੀ ਅਕਾਲੀ ਦਲ ਦੀ ਟੱਕਰ ਦਾ ਇਤਿਹਾਸ।

ਸਰਦਾਰ ਕੈਰੋਂ ਵਿਚ ਬਹੁਤ ਸਾਰੀਆਂ ਨਿਜੀ ਖ਼ੂਬੀਆਂ ਸਨ ਪਰ ਉਹ ਖ਼ੂਬੀਆਂ ਪੰਥ ਦੇ ਵਿਰੁਧ ਅਤੇ ਕਾਂਗਰਸ ਸਰਕਾਰ ਦੇ ਹੱਕ ਵਿਚ ਹੀ ਭੁਗਤੀਆਂ। ਉਸ ਨੂੰ ਸਰਕਾਰ ਚਲਾਉਣ ਦੀ ਜਾਚ ਸੀ। "ਹਕੂਮਤ ਗਰਮੀ" ਦੇ ਮੰਤਰ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਫਿਰ ਪ੍ਰਧਾਨ ਮੰਤਰੀ ਪੰਡਤ ਨਹਿਰੂ ਦੀ ਮੌਤ ਤੱਕ, ਸਾਢੇ ਅੱਠ ਸਾਲ, ਪੰਜਾਬ ਵਿਚ ਚੰਮ ਦੀਆਂ ਚਲਾਈਆਂ। ਕਿਸੇ ਨੂੰ ਕੁਸਕਣ ਨਹੀਂ ਦਿਤਾ। ਚਾਰ ਚੁਫੇਰ "ਕੁਚਲ ਦੂੰ, ਕੁਚ਼ਲ ਦੂੰ" ਦਾ ਬਿਗਲ ਹੀ ਵੱਜਦਾ ਰਿਹਾ। ਸਰਕਾਰੀ ਮੁਲਾਜ਼ਮਾਂ, ਪਟਵਾਰੀਆਂ, ਅਧਿਆਪਕਾਂ, ਕਮਿਊਨਿਸਟਾਂ, ਕਾਂਗਰਸ ਵਿਚ ਆਪਣੇ ਵਿਰੋਧੀਆਂ, ਹਿੰਦੀ ਰਕਸ਼ਕਾਂ ਦੀ ਬੋਲਤੀ ਬੰਦ ਕਰੀ ਰੱਖੀ। ਸ਼੍ਰੋਮਣੀ ਅਕਾਲੀ ਦਲ ਅੜਦਾ ਰਿਹਾ ਪਰ ਉਸ ਨੇ ਦਾਲ਼ ਨਹੀਂ ਗਲਣ ਦਿਤੀ। ੧੯੬੦ ਵਾਲ਼ਾ ਪੰਜਾਬੀ ਸੂਬਾ ਮੋਰਚਾ, ਸੰਤ ਜੀ ਦਾ ਵਰਤ, ਮਾਸਟਰ ਜੀ ਦਾ ਵਰਤ ਸਾਰਾ ਕੁਝ ਫੇਹਲ ਕਰ ਦਿਤਾ। ਇਹ ਸਭ ਕੁਝ ਪੰਡਤਿ ਨਹਿਰੂ ਦੇ ਜੀਂਦਿਆਂ ਹੀ ਹੋ ਸਕਿਆ। ਜਿਉਂ ਹੀ ਕਹਿਰੂ ੨ ਮਈ ੧੯੬੪ ਨੂੰ ਮਰਿਆ ਤੇ ਨਾਲ਼ ਹੀ ਕੈਰੋਂ ਦੀਆਂ ਸਾਰੀਆਂ 'ਖ਼ੂਬੀਆਂ' ਦਾ ਵੀ ਭੋਗ ਪੈ ਗਿਆ। ਪਹਿਲਾਂ ਉਸ ਦੇ ਵਿਰੋਧੀਆਂ ਨੇ ਉਸ ਦਾ ਰਾਜ ਖੋਹਿਆ ਤੇ ਫਿਰ ਕੁਝ ਮਹੀਨਿਆਂ ਪਿੱਛੋਂ ੫ ਫਰਵਰੀ ੧੯੬੫ ਨੂੰ ਉਸ ਦੀ ਜਾਨ ਵੀ ਖੋਹ ਲਈ।

ਮੇਰਾ ਨਿਜੀ ਵਿਚਾਰ ਹੈ ਕਿ ਜੇ ਉਸ ਸਮੇ ਮੁਖ ਮੰਤਰੀ ਦੇ ਰੂਪ ਵਿਚ ਸ. ਪ੍ਰਤਾਪ ਸਿੰਘ ਕੈਰੋਂ, ਭਾਰਤ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲ਼ੇ ਅੜਿੱਕਾ ਬਣ ਕੇ ਨਾ ਆ ਜਾਂਦਾ ਤਾਂ ਪੰਜਾਬੀ ਸੂਬਾ ਦਸ ਸਾਲ ਪਹਿਲਾਂ ਹੀ ਬਣ ਜਾਣਾ ਸੀ ਤੇ ਬਣਨਾ ਵੀ ਬਹੁਤ ਘੱਟ ਕੁਰਬਾਨੀਆਂ ਕਰਨ ਨਾਲ਼ ਸੀ। ਹੁਣ ਵਾਲ਼ੇ ਨਾਲ਼ੋਂ ਇਸ ਦਾ ਰੂਪ ਵੀ ਚੰਗੇਰਾ ਬਣਨਾ ਸੀ।

ਸਰਦਾਰ ਕੈਰੋਂ ਨੇ ਇਮਾਨਦਾਰੀ ਨਾਲ਼ ਰੀਜਨਲ ਫਾਰਮੂਲੇ ਉਪਰ ਅਮਲ ਨਾ ਹੋਣ ਦਿਤਾ ਤੇ ਜਨਵਰੀ ੧੯੫੯ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸਮਝੌਤੇ ਨੂੰ ਰਸਮੀ ਤੌਰ ਤੇ ਵੀ ਖ਼ਤਮ ਹੋ ਜਾਣ ਦਾ ਐਲਾਨ ਕਰ ਦਿਤਾ ਗਿਆ। ਮਾਸਟਰ ਜੀ ਨੇ ਆਖ ਦਿਤਾ ਕਿ ਸਰਕਾਰ ਨਾਲ ਸਾਡਾ ਹੋਇਆ ਸਮਝੌਤਾ, ਸਰਕਾਰ ਦੀ ਬੇਈਮਾਨੀ ਕਰਕੇ ਟੁੱਟ ਚੁੱਕਾ ਹੈ। ਇਸ ਤਰ੍ਹਾਂ ਰੀਜਨਲ ਫਾਰਮੂਲੇ ਦਾ ਭੋਗ ਪੈ ਗਿਆ ਤੇ ਪੰਜਾਬੀ ਸੂਬੇ ਲਈ ਮੁੜ ਜਦੋ ਜਹਿਦ ਸ਼ੁਰੂ ਹੋ ਗਈ। ਸਰਕਾਰ ਨੇ ਗਿਆਨੀ ਕਰਤਾਰ ਸਿੰਘ ਨੂੰ ਅੱਗੇ ਲਾ ਕੇ, ੧੯੫੮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਕਾਲੀ ਦਲ ਦੇ ਹੱਥੋਂ ਖੋਹ ਲਈ। ਅਕਾਲੀ ਦਲ ਨੇ ਅਕਾਲੀ ਐਮ.ਐਲ.ਏਜ਼. ਨੂੰ ਕਾਂਗਰਸ ਵਿਚੋਂ ਬਾਹਰ ਆ ਜਾਣ ਤੇ ਅਸੈਂਬਲੀ ਵਿਚ ਵੱਖਰਾ ਪੰਥਕ ਗਰੁਪ ਬਣਾ ਕੇ ਬੈਠਣ ਲਈ ਆਖ ਦਿਤਾ। ਉਹਨਾਂ ਸਾਰਿਆਂ ਵਿਚੋਂ ਸਿਰਫ ਅੱਠ ਹੀ ਬਾਹਰ ਆਏ ਸਨ। ਉਹ ਅੱਠ: ਸ. ਸਰੂਪ ਸਿੰਘ, ਸ. ਆਤਮਾ ਸਿੰਘ, ਸ. ਗੁਰਬਖਸ਼ ਸਿੰਘ ਸ. ਹਰਗੁਰਨਾਦ ਸਿੰਘ, ਸ. ਧੰਨਾ ਸਿੰਘ ਗੁਲਸ਼ਨ, ਕੰਵਰਾਣੀ ਜਗਦੀਸ਼ ਕੌਰ, ਮਾਸਟਰ ਪ੍ਰਤਾਪ ਸਿੰਘ ਅਤੇ ਸ. ਊਧਮ

ਸਿੰਘ ਭਾਰ ਸਿੰਘ ਪੁਰੀ ਸਨ। ਉਹਨਾਂ ਵਿਚੋਂ ਵੀ ਉਹਨਾਂ ਦੇ ਲੀਡਰ, ਸ. ਸਰੂਪ ਸਿੰਘ ਦੁਬਾਰਾ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ।

ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੀ ੧੯੬੦ ਵਾਲ਼ੀ ਆਮ ਚੋਣ ਵਿਚ, ਸਰਕਾਰੀ ਸਾਧ ਸੰਗਤ ਬੋਰਡ ਤੋਂ ਜਿੱਤ ਪ੍ਰਾਪਤ ਕਰਨ ਉਪ੍ਰੰਤ, ਸ਼੍ਰੋਮਣੀ ਅਕਾਲੀ ਦਲ ਨੇ ਫਿਰ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮੋਰਚੇ ਦਾ ਬਿਗਲ ਵਜਾ ਦਿਤਾ ਤੇ ੫੭੧੨੯ ਬੰਦੇ ਜੇਹਲਾਂ ਵਿਚ ਗਏ। ਏਥੋਂ ਤੱਕ ਕਿ ਸਰਦਾਰ ਕੈਰੋਂ ਦੀ ਪੁਲਿਸ ਨੇ ਬਠਿੰਡਾ ਜੇਹਲ ਵਿਚ ਬੰਦ ਕੁਝ ਅਕਾਲੀ ਸਤਿਆਗ੍ਰਹੀਆਂ ਨੂੰ ਸ਼ਹੀਦ ਵੀ ਕਰ ਦਿਤਾ। ਮਾਸਟਰ ਜੀ ਤੇ ਪਹਿਲੇ ਦਿਨ ਤੋਂ ਹੀ ਜੇਹਲ ਵਿਚ ਸਨ। ਉਹਨਾਂ ਦੀ ਗੈਰ ਹਾਜਰੀ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਮੋਰਚੇ ਦੀ ਅਗਵਾਈ ਸੰਤ ਫਤਿਹ ਸਿੰਘ ਜੀ ਕੋਲ਼ ਸੀ। ਸੰਤ ਜੀ ਨੇ ਮੋਰਚੇ ਦੀ ਸਫ਼ਲਤਾ ਲਈ ਵਰਤ ਵੀ ਰੱਖਿਆ ਪਰ ਕੈਰੋਂ ਨੇ ਆਪਣੀ 'ਸਿਆਸਤ' ਨਾਲ ਇਹ ਸਾਰੀ ਜਦੋ ਜਹਿਦ ਨਾਕਾਮ ਕਰ ਦਿਤੀ।

ਸਰਕਾਰ ਦੇ ਦੋਹਾਂ ਪ੍ਰਧਾਨ ਮੰਤਰੀਆਂ, ਪੰਡਤ ਜਵਾਹਰ ਲਾਲ ਨਹਿਰੂ ਅਤੇ ਸ੍ਰੀ ਲਾਲ ਬਹਾਦਰ ਸ਼ਾਸਤਰੀ ਨਾਲ਼ ਵਾਰੀ ਵਾਰੀ ਸੰਤ ਫਤਿਹ ਸਿੰਘ ਜੀ ਦੀਆਂ ਮੁਲਾਕਾਤਾਂ ਵੀ ਹੋਈਆਂ ਪਰ ਗੱਲ ਕਿਸੇ ਪਾਸੇ ਨਾ ਲੱਗੀ। ਆਖਰ ਮਾਸਟਰ ਜੀ ਨੇ ਫੇਰ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਿਆ ਪਰ ਕਮਿਸ਼ਨ ਬਣਨ ਦੇ ਲਾਰੇ ਨਾਲ਼ ਛੱਡਣਾ ਪਿਆ। ਇਸ ਨਾਲ਼ ਸਿੱਖ ਸੰਸਾਰ ਵਿਚ ਬੇਹੱਦ ਮਾਯੂਸੀ ਛਾ ਗਈ। ੧੯੬੨ ਦੀਆਂ ਚੋਣਾਂ ਆ ਗਈਆਂ। ਸ਼੍ਰੋਮਣੀ ਅਕਾਲੀ ਦਲ ਨੇ ਦੂਜੀਆਂ ਪਾਰਟੀਆਂ ਨਾਲ਼ ਸੀਟਾਂ ਦਾ ਲੈਣ ਦੇਣ ਕਰਕੇ ਇਲੈਕਸ਼ਨ ਵਿਚ ਭਾਗ ਲਿਆ ਤੇ ਤਿੰਨ ਪਾਰਲੀਮੈਂਟ ਦੀਆਂ ਅਤੇ ਡੇਢ ਸੌ ਵਿਚੋਂ ਵੀਹ ਪੰਜਾਬ ਅਸੈਂਬਲੀ ਦੀਆਂ ਸੀਟਾਂ ਦਲ ਨੇ ਜਿੱਤੀਆਂ। ਉਹਨਾਂ ਵਿਚੋਂ ਕੁਝ ਹੌਲ਼ੀ ਹੌਲ਼ੀ ਵਾਪਸ ਕਾਂਗਰਸ ਵਿਚ ਸ਼ਾਮਲ ਹੁੰਦੇ ਗਏ ਤੇ ਬਾਕੀ ੧੯ ਅਕਾਲੀ ਰਹਿ ਗਏ।


(ਕਾਮਰੇਡ ਰਾਮ ਕਿਸ਼ਨ)

ਪੰਜਾਬੀ ਸੂਬੇ ਦੀ ਪ੍ਰਾਪਤੀ ਵਿਚ, ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਦੇ ਅਸਫ਼ਲ ਰਹਿ ਜਾਣ ਕਰਕੇ, ਸਿੱਖ ਪੰਥ ਮਾਸਟਰ ਤਾਰਾ ਸਿੰਘ ਜੀ ਦੀ ਲੀਡਰੀ ਤੋਂ ਉਪ੍ਰਾਮ ਹੋ ਗਿਆ ਸੀ ਤੇ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਵਿਰੁਧ ਬੇਪ੍ਰਤੀਤੀ ਦਾ ਮਤਾ ਪੇਸ਼ ਹੋਇਆ। ਇਸ ਉਪਰ ਵਿਚਾਰ ਕਰਨ ਲਈ ਦੋਹਾਂ ਧੜਿਆਂ ਦੇ ਵੱਖ ਵੱਖ ਇਕੱਠ ਹੋਏ। ਦਲ ਦੇ ਦਫ਼ਤਰ ਵਿਚ ਮਾਸਟਰ ਧੜੇ ਦੇ ਇਕੱਠ ਨੇ ਮਤਾ ਰੱਦ ਕਰ ਦਿਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜੂਰੀ ਵਿਚ ਸੰਤ ਧੜੇ ਨੇ ਮਤਾ ਪਾਸ ਕਰਕੇ ਸੰਤ ਜੀ ਨੂੰ ਪ੍ਰਧਾਨ ਚੁਣ ਲਿਆ। ਫਿਰ ਤੁਰੀ ਜਦੋਂ ਜਹਿਦ ਸ਼੍ਰੋਮਣੀ ਗੁ. ਪ੍ਰ. ਕਮੇਟੀ ਉਪਰ ਕਬਜੇ ਦੀ। ਦੋ ਅਕਤੂਬਰ ੧੯੬੨ ਵਾਲ਼ੇ ਦਿਨ, ਮਾਸਟਰ ਜੀ ਦੇ ਉਮੀਦਵਾਰ ਨੂੰ ਤਿੰਨ ਵੋਟਾਂ ਤੇ ਹਰਾ ਕੇ, ਸੰਤ ਧੜੇ ਦੇ ਸੰਤ ਚੰਨਣ ਸਿੰਘ ਜੀ ਪ੍ਰਧਾਨ ਚੁਣੇ ਗਏ। ਦੋਹਾਂ ਧੜਿਆਂ ਵਿਚ ਕਮੇਟੀ ਉਪਰ ਕਬਜਾ ਕਾਇਮ ਰੱਖਣ ਅਤੇ ਕਬਜਾ ਖੋਹਣ ਦੀ ਜਦੋ ਜਹਿਦ, ੧੯੬੫ ਵਾਲ਼ੀਆਂ ਕਮੇਟੀ ਦੀਆਂ ਆਮ ਚੋਣਾਂ ਤੱਕ ਚੱਲਦੀ ਰਹੀ।

੨੭ ਮਈ ੧੯੬੪ ਵਾਲ਼ੇ ਦਿਨ ਸ. ਪ੍ਰਤਾਪ ਸਿੰਘ ਕੈਰੋਂ ਦਾ ਆਕਾ ਪੰਡਤ ਨਹਿਰੂ ਮਰ ਗਿਆ ਤੇ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਿਆ। ਕੈਰੋਂ ਤੋਂ ਚੀਫ਼ ਮਨਿਸਟਰੀ ਇਸ ਕਰਕੇ ਖੋਹ ਕੇ ਕਾਮਰੇਡ ਰਾਮ ਕਿਸ਼ਨ ਨੂੰ ਬਣਾ ਦਿਤਾ ਗਿਆ ਸੀ ਕਿ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਕੈਰੋਂ ਨੇ ਡਿਸਾਈ ਦੀ ਸਹਾਇਤਾ ਕੀਤੀ ਸੀ। ਇਸ ਦੌੜ ਵਿਚ ਡਿਸਾਈ ਰਹਿ ਗਿਆ ਤੇ ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਬਣ ਗਿਆ ਸੀ। ਇਸ ਦੌਰਾਨ ਡੰਗ ਟਪਾਊ ਪ੍ਰਧਾਨ ਮੰਤਰੀ ਪੰਜਾਬੀ ਗੁਲਜ਼ਾਰੀ ਲਾਲ ਨੰਦਾ ਸੀ ਤੇ ਸਭ ਤੋਂ ਸਕਤੀਸ਼ਾਲੀ ਗ੍ਰਿਹ ਵਿਭਾਗ ਵੀ ਉਸ ਦੇ ਕੋਲ਼ ਸੀ। ਇਹ ਰਹਿੰਦਾ ਭਾਵੇ ਗੁਜਰਾਤ ਵਿਚ ਸੀ ਪਰ ਹੈ ਪੰਜਾਬੀ ਸੀ, ਜੇਹੜਾ ਪਾਕਿਸਤਾਨੀ ਪੰਜਾਬ ਤੋਂ

ਉਜੜ ਕੇ ਏਧਰ ਆਇਆ ਸੀ। ਇਹ ਵੀ ਉਸ ਸਮੇ ਦੇ ਬਹੁਤੇ ਪੰਜਾਬੀ ਫਿਰਕਾਪ੍ਰਸਤਾਂ ਵਾਂਗ ਪੰਜਾਬੀਅਤ ਅਤੇ ਸਿੱਖੀ ਦਾ ਕੱਟੜ ਵਿਰੋਧੀ ਸੀ।

ਇਹਨਾਂ ਗੁਰਦੁਆਰਾ ਚੋਣਾਂ ਨੇ ਸਾਬਤ ਕਰ ਦਿਤਾ ਕਿ ਕੌਮ ਨੂੰ ਹੁਣ ਮਾਸਟਰ ਜੀ ਦੀ ਨਹੀਂ ਸੰਤ ਜੀ ਦੀ ਅਗਵਾਈ ਪ੍ਰਵਾਨ ਹੈ। ਮਾਸਟਰ ਜੀ ਨੇ ਬਿਆਨ ਦਿਤਾ ਕਿ ਸੰਤ ਜੀ ਹੁਣ ਪੰਜਾਬ ਦੇ ਹਿੰਦੂਆਂ ਦੀ ਸਹਿਮਤੀ ਨਾ਼ਲ ਪੰਜਾਬੀ ਸੂਬਾ ਬਣਵਾ ਲੈਣ; ਮੈਂ ਰਾਹ ਵਿਚੋਂ ਲਾਂਭੇ ਹੁੰਦਾ ਹਾਂ। ਮਾਸਟਰ ਜੀ ਅਗਿਆਤਵਾਸ ਵਿਚ ਚਲੇ ਗਏ। ਯਾਦ ਰਹੇ ਕਿ ਮਾਸਟਰ ਜੀ ਸਿੱਖਾਂ ਦੀ ਬੇਹਤਰੀ ਵਾਸਤੇ ਪੰਜਾਬੀ ਸੂਬਾ ਖਲ੍ਹਮ ਖੁਲ੍ਹਾ ਸਿੱਖ ਬਹੁਸੰਮਤੀ ਵਾ਼ਲਾ ਮੰਗਦੇ ਸਨ ਜਦੋਂ ਕਿ ਸੰਤ ਜੀ ਖੱਬੇ ਪੱਖੀ ਬੁੱਧੀਜੀਵੀਆਂ ਦੀ ਸਲਾਹ ਨਾ਼ਲ, ਨਿਰੋਲ ਬੋਲੀ ਦੇ ਆਧਾਰ ਉਪਰ ਸੂਬੇ ਦੀ ਮੰਗ ਕਰਦੇ ਸਨ ਤੇ ਨਾ਼ਲੇ ਇਹ ਵੀ ਆਖਦੇ ਸਨ ਕਿ ਮੈਂ ਹਿੰਦੂਆਂ ਦੀ ਸਹਿਮਤੀ ਨਾ਼ਲ ਪੰਜਾਬੀ ਸੂਬਾ ਲਵਾਂਗਾ।

ਸੰਤ ਫਤਿਹ ਸਿੰਘ ਜੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਜਦੋ ਜਹਿਦ ਜਾਰੀ ਰੱਖੀ। ਉਸ ਸਮੇ ਸ਼੍ਰੋਮਣੀ ਅਕਾਲੀ ਦਲ ਦੇ ਨਾਅਰੇ ਸਨ: ਪੰਜਾਬੀ ਸੂਬਾ ਜ਼ਿੰਦਾਬਾਦ, ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ, ਹਿੰਦੂ ਸਿੱਖ ਏਕਤਾ ਜ਼ਿੰਦਾਬਾਦ, ਆਜ਼ਾਦ ਭਾਰਤ ਜ਼ਿੰਦਾਬਾਦ।

ਇਸ ਜਦੋ ਜਹਿਦ ਦੌਰਾਨ ਸਤੰਬਰ ੧੯੬੫ ਵਿਚ ਪਾਕਿਸਤਾਨ ਨਾ਼ਲ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਸਮੇ ਸ਼੍ਰੋਮਣੀ ਅਕਾਲੀ ਦਲ ਨੇ, ਆਪਣੀ ਪੰਜਾਬੀ ਸੂਬੇ ਦੀ ਮੰਗ ਨੂੰ ਪਿੱਛੇ ਪਾ ਕੇ, ਤਨ ਮਨ ਧਨ ਨਾ਼ਲ ਦੇਸ਼ ਦਾ ਸਾਥ ਦਿਤਾ। ਲੜਾਈ ਮੁੱਕਣ ‘ਤੇ, ਸਿੱਖ ਪੰਥ, ਸਿੱਖ ਟਰਾਂਸਪੋਰਟਰਾਂ ਅਤੇ ਸਿੱਖ ਫ਼ੌਜਾਂ ਦੀ ਕੁਰਬਾਨੀ ਦੇ ਅਸਰ ਅਧੀਨ ਦੇਸ਼ ਵਿਚ ਸਿੱਖ ਕੌਮ ਦੀ ਬਹੁਤ ਪ੍ਰਸੰਸਾ ਹੋਈ, ਜਿਸ ਤੋਂ ਪ੍ਰਭਾਵਤ ਹੋ ਕੇ, ਕਾਂਗਰਸ ਪਾਰਟੀ ਦੇ ਤਤਕਾਲੀ ਪ੍ਰਧਾਨ ਕਾਮਰਾਜ ਨਾਡਾਰ ਦੀ ਪ੍ਰਧਾਨਗੀ ਹੇਠ, ਮਾਰਚ ੧੯੬੬ ਵਿਚ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਇਹ ਮਤਾ ਪਾਸ ਕਰ ਦਿਤਾ ਕਿ ਮੌਜੂਦਾ ਪੰਜਾਬ ਵਿਚੋਂ ਪੰਜਾਬੀ ਬੋਲਣ ਵਾ਼ਲੇ ਇਲਾਕੇ ਦਾ ਇਕ ਵੱਖਰਾ ਸੂਬਾ ਬਣਾਇਆ ਜਾਵੇ।

ਇਸ ਦੌਰਾਨ ਸ਼ਾਸਤਰੀ ਜੀ ਦੀ ਮੌਤ ਤੋਂ ਬਾਅਦ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਚੁੱਕੀ ਸੀ ਜੋ ਕਿ ਪੰਜਾਬੀ ਸੂਬੇ ਦੇ ਵਿਰੁਧ ਸੀ। ਉਸ ਨੇ, ਜਿਵੇਂ ਸਰਕਾਰਾਂ ਕਰਦੀਆਂ ਹੁੰਦੀਆਂ ਹਨ, ਕਿ ਜੇ ਕਿਸੇ ਕੰਮ ਨੂੰ ਨਾ ਕਰਨਾ ਹੋਵੇ ਤਾਂ ਉਸ ਵਾਸਤੇ ਕੋਈ ਕੜੀ ਕਮੇਟੀ ਜਾਂ ਕੋਈ ਕੜਾ ਕਮਿਸ਼ਨ ਬਣਾਉਣ ਦਾ ਐਲਾਨ ਕਰਕੇ, ਗੱਲ ਗਧੀ ਗੇੜ ਵਿਚ ਪਾ ਦਿਓ। ਇੰਦਰਾ ਗਾਂਧੀ ਦਾ ਵਿਚਾਰ ਸੀ ਕਿ ਲੋਕ ਸਭਾ ਦਾ ਸਪੀਕਰ ਸ. ਹੁਕਮ ਸਿੰਘ ਪੰਜਾਬੀ ਸੂਬੇ ਦੇ ਖ਼ਿਲਾਫ਼ ਹੈ ਕਿਉਂਕਿ ਉਸ ਨੇ, ਕਾਂਗਰਸ ਸਰਕਾਰ ਨੂੰ ਖ਼ੁਸ਼ ਕਰਨ ਲਈ ੧੯੫੮ ਵਿਚ ਪੰਜਾਬੀ ਸੂਬੇ ਦੇ ਖ਼ਿਲਾਫ਼ ਇਕ ਬਿਆਨ ਦਿਤਾ ਸੀ। ਉਸ ਨੇ ਉਸ ਦੀ ਚੇਅਰਮੈਨਸ਼ਿਪ ਹੇਠ ਇਕ ਪਾਰਲੀਮੈਂਟਰੀ ਕਮੇਟੀ ਬਣਾ ਦਿਤੀ ਤਾਂ ਕਿ ਇਕ ਸਾਬਕਾ ਅਕਾਲੀ ਸਿੱਖ, ਸ. ਹੁਕਮ ਸਿੰਘ ਪਾਸੋਂ ਹੀ ਪੰਜਾਬੀ ਸੂਬੇ ਦੇ ਖ਼ਿਲਾਫ਼ ਫਤਵਾ ਲੈ ਕੇ ਇਸ ਤੋਂ ਨਾਂਹ ਕਰ ਦਿਤੀ ਜਾਵੇ। ਇਸ ਦੌਰਾਨ ਜਦੋਂ ਉਸ ਨੂੰ ਸ਼ੱਕ ਪਿਆ ਕਿ ਸ. ਹੁਕਮ ਸਿੰਘ ਸੂਬੇ ਦੇ ਖ਼ਿਲਾਫ਼ ਫਤਵਾ ਨਹੀਂ ਦਏਗਾ ਤਾਂ ਉਸ ਨੇ ਇਕ ਹੋਰ ਤਿੰਨਾਂ ਵਜ਼ੀਰਾਂ ਦੀ ਵਜ਼ਾਰਤੀ ਕਮੇਟੀ ਬਣਾ ਦਿਤੀ। ਸ. ਹੁਕਮ ਸਿੰਘ ਨੇ ਬੀਬੀ ਜੀ ਦੀ ਇੱਛਾ ਦੇ ਵਿਰੁਧ ਆਪਣੀ ਰੀਪੋਰਟ ਪੰਜਾਬੀ ਸੂਬੇ ਦੇ ਹੱਕ ਵਿਚ ਦੇ ਦਿਤੀ।

ਜਦੋਂ ਪੰਜਾਬ ਦੇ ਫਿਰਕੂ ਲੋਕਾਂ ਨੂੰ ਪੰਜਾਬੀ ਸੂਬਾ ਬਣਦਾ ਦਿਸਿਆ ਤਾਂ ਇਹਨਾਂ ਨੇ ਸਿੱਖਾਂ ਅਤੇ ਗੁਰਦੁਆਰਿਆਂ ਉਪਰ ਹਮਲੇ ਸ਼ੁਰੂ ਕਰ ਦਿਤੇ। ਦਿੱਲੀ ਦੇ ਸੀਸ ਗੰਜ ਗੁਰਦੁਆਰੇ ਉਪਰ ਵੀ ਹਮਲਾ ਕੀਤਾ ਗਿਆ। ਪੰਜਾਬ ਵਿਚ ਰੱਜ ਕੇ ਗੁੰਡਾਗਰਦੀ ਕੀਤੀ ਗਈ। ਇਸ ਗੁੰਡਾ ਗਰਦੀ ਦਾ ਅੰਤ ਓਦੋਂ ਹੋਇਆ ਜਦੋਂ ਗੁੰਡਿਆਂ ਨੇ ਪਾਨੀਪਤ ਵਿਚ ਤਿੰਨ ਕਾਂਗਰਸੀਆਂ ਨੂੰ ਅੱਗ ਲਾ ਕੇ ਜੀਂਦੇ ਸਾੜ ਦਿਤਾ। ਫਿਰ ਰਾਮ ਕਿਸ਼ਨ ਦੀ ਸਰਕਾਰ ਤੋੜ ਕੇ, ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰਕੇ ਇਕ ਆਈ.ਸੀ.ਐਸ. ਅਫ਼ਸਰ, ਧਰਮ ਵੀਰ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ। ਉਸ ਨੇ ਫਿਰ ਇਸ ਗੁੰਡਾਗਰਦੀ ਨੂੰ ਠਲ੍ਹ ਪਾਈ।




ਪੰਜਾਬ ਦੇ ਕੁਝ ਫਿਰਕੂ ਲੋਕਾਂ ਨੇ ਗ੍ਰਿਹ ਮੰਤਰੀ ਗੁਲਜ਼ਾਰੀ ਲਾਲ ਨੰਦੇ ਦੇ ਦਰਬਾਰ ਵਿਚ ਜਾ ਕੇ ਦੁਹਾਈਆਂ ਦਿਤੀਆਂ ਕਿ ਜੇ ਪੰਜਾਬੀ ਸੂਬਾ ਬਣ ਗਿਆ ਤਾਂ ਸਿੱਖ ਸਾਡਾ ਬੁਰਾ ਹਾਲ ਕਰਨਗੇ। ਉਹਨਾਂ ਦਾ ਵਾਅ ਵੇਲ਼ਾ ਸੁਣ ਕੇ ਨੰਦੇ ਨੇ ਕਿਹਾ ਕਿ ਫਿਕਰ ਨਾ ਕਰੋ। ਮੈਂ ਪੰਜਾਬੀ ਸੂਬਾ ਅਜਿਹਾ ਬਣਾਵਾਂਗਾ ਜਿਸ ਨੂੰ ਅਕਾਲੀ ਕਬੂਲ ਨਹੀਂ ਕਰਨਗੇ ਤੇ ਛੱਡ ਕੇ ਭੱਜਣਗੇ ਤੇ ਸਮਾ ਆਉਣ ਤੇ ਉਸ ਨੇ ਪੰਜਾਬੀ ਸੂਬਾ ਬਣਾਉਣ ਦੀ ਬਜਾਇ ਹਰਿਆਣਾ ਅਤੇ ਹਿਮਾਚਲ ਬਣਾਏ। ਵੱਧ ਤੋਂ ਵਧ ਸੂਬੇ ਨੂੰ ਛਾਂਗਣ ਦਾ ਕੁਯਤਨ ਕੀਤਾ। ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ, ਪਾਣੀ ਆਦਿ ਸਾਰਾ ਕੁਝ ਪੰਜਾਬ ਤੋਂ ਖੋਹ ਕੇ ਚਾਰ ਥਾਂਈਂ ਪੰਜਾਬ ਨੂੰ ਵੰਡ ਦਿਤਾ ਤੇ ਫਿਰ ਬਚਦੇ ਪੰਜਾਬ ਨੂੰ ਵੀ ਹਰਿਆਣੇ ਨਾਲ਼ ੫੨ ਸਾਂਝੀਆਂ ਕੜੀਆਂ ਵਿਚ ਜੂੜ ਦਿਤਾ। ਅਕਾਲੀਆਂ ਦੀ ਮੰਗ ਅਤੇ ਕਾਂਗਰਸ ਦੇ ਮਤੇ ਦੀ ਮਨਸ਼ਾ ਕੇਵਲ ਏਨੀ ਸੀ ਕਿ ਪੰਜਾਬ ਵਿਚੋਂ ਹਿੰਦੀ ਬੋਲਦੇ ਇਲਾਕੇ ਬਾਹਰ ਕੱਢ ਕੇ ਬਾਕੀ ਦਾ ਪੰਜਾਬੀ ਸੂਬਾ ਬਣਾਇਆ ਜਾਵੇ ਪਰ ਨੰਦੇ ਨੇ ਇਸ ਦੀ ਬਜਾਇ ਹਰਿਆਣਾ ਅਤੇ ਹਿਮਾਚਲ ਬਣਾਏ।

ਸੰਤ ਫਤਿਹ ਸਿੰਘ ਜੀ ਨੇ ਮੈਨੂੰ ਗੱਲ ਸੁਣਾਈ: ਸੰਤ ਜੀ ਦੇ ਮੁਕਾਬਲੇ ਉਪਰ ਜਨਸੰਘ ਦੇ ਉਤਰੀ ਜ਼ੋਨ ਦੇ ਆਗੂ ਵੀਰ ਯੱਗ ਦਤ ਸ਼ਰਮਾ ਨੇ ਪੰਜਾਬੀ ਸੂਬੇ ਦੇ ਵਿਰੁਧ ਵਰਤ ਰੱਖਿਆ ਸੀ। ਪੰਜਾਬੀ ਸੂਬਾ ਬਣਾਉਣ ਦਾ ਜਦੋਂ ਕਾਂਗਰਸ ਸਰਕਾਰ ਨੇ ਇਰਾਦਾ ਕਰ ਲਿਆ ਤਾਂ ਵੀਰ ਜੀ ਨੂੰ ਸੰਤ ਜੀ ਨੇ ਸੱਦ ਕੇ ਕਿਹਾ ਕਿ ਹਿੰਦੂ ਸਿੱਖਾਂ ਵਿਚ ਫੁੱਟ ਪਾ ਕੇ ਕਾਂਗਰਸ ਸਰਕਾਰ ਸਾਡੇ ਉਪਰ ਰਾਜ ਕਰਦੀ ਆ ਰਹੀ ਹੈ। ਜਿਸ ਪੰਜਾਬੀ ਸੂਬੇ ਦੀ ਜਨਸੰਘ ਦੀ ਅਗਵਾਈ ਹੇਠ, ਹਿੰਦੂ ਪੰਜਾਬੀ ਸੂਬੇ ਦੀ ਵਿਰੋਧਤਾ ਕਰਦੇ ਰਹੇ, ਉਹ ਤੇ ਹੁਣ ਬਣ ਹੀ ਜਾਣਾ ਹੈ। ਆਓ ਹੁਣ ਆਪਾਂ ਦੋਵੇਂ ਭਾਈਚਾਰੇ ਰਲ਼ ਕੇ ਇਸ ਭ੍ਰਿਸ਼ਟ ਕਾਂਗਰਸ ਤੋਂ ਮੁਕਤੀ ਪ੍ਰਾਪਤ ਕਰ ਲਈਏ। ਵੀਰ ਜੀ ਨੇ ਜਵਾਬ ਦਿਤਾ ਕਿ ਤੁਸੀਂ ਸਾਲਾਂ ਤੋਂ ਕਹਿੰਦੇ ਆ ਰਹੇ ਸੀ ਕਿ ਜੇ ਪੰਜਾਬੀ ਸੂਬਾ ਨਾ ਬਣੇ ਤਾਂ ਸਿੱਖ ਨਹੀਂ ਬਚਦੇ ਤੇ ਓਦੋਂ ਤੋਂ ਹੀ ਅਸੀਂ ਕਹਿੰਦੇ ਆ ਰਹੇ ਸੀ ਕਿ ਜੇ ਪੰਜਾਬੀ ਸੂਬਾ ਬਣ ਗਿਆ ਤਾਂ ਹਿੰਦੂ ਨਹੀਂ ਬਚਦੇ। ਇਸ ਤਰ੍ਹਾਂ ਅਸੀਂ ਦੋਹਾਂ ਭਾਈਚਾਰਿਆਂ ਨੂੰ ਇਕ ਦੂਜੇ ਤੋਂ ਬਹੁਤ ਦੂਰ ਲੈ ਗਏ ਹਾਂ। ਹੁਣ ਹੌਲ਼ੀ ਹੌਲ਼ੀ ਹੀ ਇਕ ਦੂਜੇ ਦੇ ਨੇੜੇ ਲਿਆਵਾਂਗੇ। ਕੁਝ ਮਹੀਨਿਆਂ ਵਿਚ ਵੀਰ ਜੀ ਦੀ ਇਹ ਗੱਲ ਸੱਚੀ ਹੋ ਗਈ ਜਦੋਂ ਜਨਸੰਘ ਸ਼੍ਰੋਮਣੀ ਅਕਾਲੀ ਦੀ ਅਗਵਾਈ ਵਾਲ਼ੀ ਸਰਕਾਰ ਵਿਚ ਸ਼ਾਮਲ ਹੋ ਗਿਆ ਤੇ ਪੰਜਾਬ ਜਨਸੰਘ ਦਾ ਪ੍ਰਧਾਨ ਡਾ. ਬਲਦੇਵ ਪ੍ਰਕਾਸ਼ ਖ਼ਜ਼ਾਨਾ ਵਜ਼ੀਰ ਬਣ ਗਿਆ।

ਇਸ ਲਈ ਸਿੱਖ ਆਗੂ ਓਦੋਂ ਤੋਂ ਹੀ ਜਦੋ ਜਹਿਦ ਕਰ ਰਹੇ ਸਨ ਜਦੋਂ ਤੋਂ ਅੰਗ੍ਰੇਜ਼ਾਂ ਵੱਲੋਂ ਭਾਰਤ ਛੱਡ ਕੇ ਜਾਣ ਦੀਆਂ ਸੰਭਾਵਨਾਵਾਂ ਹੋਈਆਂ ਸਨ। ਸ਼੍ਰੋਮਣੀ ਅਕਾਲੀ ਦਲ ਇਸ ਗੱਲ ਤੇ ਦ੍ਰਿੜ੍ਹ ਸੀ ਕਿ ਪਾਕਿਸਤਾਨ ਬਿਲਕੁਲ ਨਾ ਬਣੇ। ਜੇ ਬਣੇ ਤਾਂ ਕਦੀ ਪੰਜਾਬ ਦੀ ਵੰਡ ਇਸ ਤਰ੍ਹਾਂ ਕਰਨ ਦੀ ਮੰਗ ਕਰਦੇ ਸਨ ਕਿ ਉਸ ਵਿਚ ਹਿੰਦੂ ਅਤੇ ਮੁਸਲਮਾਨ ਚਾਲ਼ੀ ਚਾਲ਼ੀ ਫੀ ਸਦੀ ਅਤੇ ਸਿੱਖ ਵੀਹ ਫੀ ਸਦੀ ਹੋਣ। ਕਦੇ ਸਿੱਖ ਸਟੇਟ ਬਣੇ। ਕਦੇ ਖ਼ਾਲਿਸਤਾਨ ਬਣੇ ਪਰ ਹਰੇਕ ਸਕੀਮ ਦਾ ਵਿਰੋਧੀ ਧੜੇ ਦੇ ਸਿੱਖਾਂ ਵੱਲੋਂ ਹੀ ਵਿਰੋਧ ਹੁੰਦਾ ਰਿਹਾ। ਇਸ ਤਰ੍ਹਾਂ ਅੱਕੀਂ ਪਲਾਹੀਂ ਹੱਥ ਮਾਰਦਿਆਂ, ਪਾਕਿਸਤਾਨ ਤੋਂ ਉਜੜ ਕੇ ਆਏ ਸਿੱਖਾਂ ਦੀ ਵਸੋਂ ਛੇ ਜ਼ਿਲ੍ਹਿਆਂ ਵਿਚ ਵੱਸ ਜਾਣ ਕਰਕੇ ਅਤੇ ਸਿੱਖ ਰਿਆਸਤਾਂ ਤੋੜ ਕੇ ਬਣਿਆਂ ਪੈਪਸੂ ਪੰਜਾਬ ਵਿਚ ਸ਼ਾਮਲ ਹੋ ਜਾਣ ਕਰਕੇ, ਪੰਜਾਹ ਕੁ ਹਜ਼ਾਰ ਵਰਗ ਮੀਲ ਦਾ ਇਕ ਸਿੱਖ ਬਹੁ ਸੰਮਤੀ ਵਾਲ਼ਾ ਇਲਾਕਾ ਬਣ ਗਿਆ। ਉਸ ਸਮੇ ਦੇ ਪੰਜਾਬ ਵਿਚੋਂ ਇਕ ਨਵੰਬਰ ੧੯੬੬ ਵਾਲ਼ੇ ਦਿਨ ਸਿੱਖਾਂ ਦੀ ਬਹੁਸੰਮਤੀ ਵਾਲ਼ਾ, ੧੦੪ ਸੀਟਾਂ ਦੀ ਅਸੈਂਬਲੀ ਦਾ, ਇਕ ਸੂਬਾ ਭਾਰਤ ਵਿਚ ਬਣਾ ਦਿਤਾ ਗਿਆ। ਭਾਵੇਂ ਹਿੰਦੁਸਤਾਨ ਦੇ ਫਿਰਕੂ ਸੋਚ ਵਾਲ਼ਿਆਂ ਵੱਲੋਂ ਅਖੀਰ ਤੱਕ ਇਸ ਦੀ ਵਿਰੋਧਤਾ ਹੁੰਦੀ ਹੀ ਰਹੀ ਪਰ ਸ਼੍ਰੋਮਣੀ ਅਕਾਲੀ

ਵੱਲੋਂ ਲਗਾਤਾਰ ਕੀਤੀ ਜਾਂਦੀ ਰਹੀ ਜਦੋ ਜਹਿਦ ਕਰਕੇ, ਅਖੀਰ ਮਜਬੂਰੀ ਵਿਚ ਭਾਰਤ ਸਰਕਾਰ ਨੂੰ ਇਹ ਸੂਬਾ ਬਣਾਉਣਾ ਹੀ ਪਿਆ।

ਪੰਜਾਬੀ ਸੂਬਾ ਬਣਨ ਪਿੱਛੋਂ ੧੯੬੭ ਵਾਲ਼ੀਆਂ ਪਹਿਲੀਆਂ ਚੋਣਾਂ ਸਨ। ਇਸ ਵਿਚ ੧੦੪ ਸੀਟਾਂ ਵਿਚੋਂ ੪੮ ਕਾਂਗਰਸ ਅਤੇ ਦੂਜੀ ਵੱਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਸੰਤ) ਨੂੰ ੨੪ ਸੀਟਾਂ ਮਿਲ਼ੀਆਂ। ਏਨੀਆਂ ਸੀਟਾਂ ਘੱਟ ਮਿਲਣ ਦਾ ਕਾਰਨ ਇਹ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਹੋਇਆ ਹੋਣ ਕਰਕੇ ਇਸ ਦੀਆਂ ਵੋਟਾਂ ਦੋ ਥਾਈਂ ਵੰਡੀਆਂ ਗਈਆਂ ਸਨ। ਨਵੀਂ ਸਰਕਾਰ ਦੇ ਬਣਦਿਆਂ ਕਰਦਿਆਂ ਸਦਾ ਵਾਂਗ, ਇਕ ਅਕਾਲੀ ਅਤੇ ਇਕ ਆਜ਼ਾਦ ਕਾਂਗਰਸ ਵਿਚ ਚਲੇ ਜਾਣ ਨਾਲ਼ ਉਹ ੫੦ ਹੋ ਗਏ ਤੇ ਅਕਾਲੀ ੨੩ ਰਹਿ ਗਏ। ਹੈਰਾਨੀ ਵਾਲ਼ੀ ਗੱਲ ਹੈ ਕਿ ਪੰਜਾਹਾਂ ਵਾਲ਼ੇ ਵੇਂਹਦੇ ਰਹਿ ਗਏ ਤੇ ਤੇਈਆਂ ਵਾਲ਼ੇ ਸਰਕਾਰ ਬਣਾ ਗਏ। ੯ ਮਾਰਚ ੧੯੬੭ ਵਾਲ਼ੇ ਦਿਨ ਪੰਜਾਬ ਵਿਚ, ਸ਼੍ਰੋਮਣੀ ਅਕਾਲੀ ਦੀ ਅਗਵਾਈ ਹੇਠ ਪਹਿਲੀ ਅਤੇ ਭਾਰਤ ਵਿਚ ਤੀਜੀ ਗੈਰ ਕਾਂਗਰਸੀ ਸਰਕਾਰ ਬਣੀ।

੧੯੨੫ ਵਾਲ਼ਾ ਗੁਰਦੁਆਰਾ ਐਕਟ ਬਣਨ ਨਾਲ਼ ਜਿਵੇਂ ਅੰਗ੍ਰੇਜ਼ ਸਰਕਾਰ ਨਾਲ਼ ਸਿੱਖਾਂ ਦਾ ਗੁਰਦੁਆਰਿਆਂ ਬਾਰੇ ਝਗੜਾ ਮੁੱਕ ਗਿਆ ਸੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸਿੱਖ ਦੇਸ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇ ਰਾਹ ਪੈ ਗਏ ਸਨ ਅਤੇ ਇਸ ਜਦੋ ਜਹਿਦ ਵਿਚ ਨੱਬੇ ਫੀ ਸਦੀ ਦੇ ਕਰੀਬ ਕੁਰਬਾਨੀਆਂ ਦਿਤੀਆਂ। ਓਸੇ ਤਰ੍ਹਾਂ ਪੰਜਾਬੀ ਸੂਬਾ ਬਣਨ ਨਾਲ਼ ਸੂਬੇ ਦੇ ਮਸਲੇ ਤੇ ਕਾਂਗਰਸ ਸਰਕਾਰ ਨਾਲ਼ ਲੜਾਈ ਮੁੱਕ ਗਈ ਤੇ ਹੁਣ ਸ਼ੁਰੂ ਹੋਈ ਕਾਂਗਰਸ ਨੂੰ ਹਰਾ ਕੇ ਪੰਜਾਬ ਵਿਚ ਆਪਣੀ ਸਰਕਾਰ ਬਣਾਉਣੀ ਅਤੇ ਨਾ ਮੁਕੰਮਲ ਸੂਬੇ ਨੂੰ ਮੁਕੰਮਲ ਬਣਵਾਉਣ ਦੀ। ਇਸ ਤੋਂ ਇਲਾਵਾ, ਬਾਕੀ ਪਾਰਟੀਆਂ ਨੂੰ ਨਾਲ਼ ਰਲ਼ਾ ਕੇ, ਸੂਬਿਆਂ ਨੂੰ ਵਧ ਅਧਿਕਾਰ ਦੁਆ ਕੇ ਦੇਸ ਨੂੰ ਸਹੀ ਰੂਪ ਵਿਚ ਸੰਘੀ ਢਾਂਚੇ ਅਧੀਨ ਲਿਆਉਣ ਲਈ ਸੰਘਰਸ਼ ਕਰਨਾ।

## *ਪੰਜਾਬ ਵਿਚ ਪਹਿਲੀ ਨਾਨ ਕਾਂਗਰਸ ਸਰਕਾਰ*

ਵੈਸੇ ਭਾਰਤ ਦੀਆਂ ਆਜ਼ਾਦੀ ਪਿਛੋਂ ਬਣੇ ਸੰਵਿਧਾਨ ਅਨੁਸਾਰ, ਪਹਿਲੀਆਂ ਚੋਣਾਂ ੧੯੫੨ ਵਿਚ ਹੋਈਆਂ ਸਨ। ਉਹਨਾਂ ਚੋਣਾਂ ਪਿੱਛੋਂ ਪੈਪਸੂ ਅੰਦਰ ਅਕਾਲੀਆਂ ਨੇ ਚੋਣ ਜਿੱਤ ਕੇ, ਹਿੰਦ ਵਿਚ ਪਹਿਲੀ ਨਾਨ ਕਾਂਗਰਸ ਸਰਕਾਰ ਬਣਾਉਣ ਦਾ ਮਾਣ ਹਾਸਲ ਕੀਤਾ ਸੀ। ਇਸ ਸਰਕਾਰ ਦਾ ਪਹਿਲਾ ਮੁਖ ਮੰਤਰੀ ਸ. ਗਿਅਨ ਸਿੰਘ ਰਾੜੇਵਾਲ਼ਾ ਨੂੰ ਬਣਾਇਆ ਸੀ ਪਰ ਕੇਂਦਰ ਸਰਕਾਰ ਨੇ ਧੱਕੇ ਨਾਲ਼ ਹੀ ਇਸ ਸਰਕਾਰ ਨੂੰ ਤੋੜ ਕੇ ਗਵਰਨਰੀ ਰਾਜ ਲਾਗੂ ਕਰ ਦਿਤਾ ਸੀ।



(ਪੈਪਸੂ ਸਰਕਾਰ ਦੇ ਪਹਿਲੇ ਮੁਖ ਮੰਤਰੀ ਸ. ਗਿਆਨ ਸਿੰਘ ਰਾੜੇਵਾਲ਼ਾ; ਮਹਾਰਾਜਾ ਯਾਦਵਿੰਦਰ ਸਿੰਘ ਨਾਲ)


ਆਜ਼ਾਦੀ ਪਿਛੋਂ ਅਕਾਲੀ ਲੀਡਰ ਠੱਗੇ ਗਏ ਮਹਿਸੂਸ ਕਰਨ ਲੱਗੇ। ਬਹੁਤੇ ਤਾਂ ਦਿਲ ਹਾਰ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ ਪੰਥਕ ਸੋਚ ਵਾਲ਼ੇ ਥੋਹੜੇ ਜਿਹੇ ਮਾਸਟਰ ਜੀ ਦੀ ਅਗਵਾਈ ਹੇਠ, ਪੰਥਕ ਆਜ਼ਾਦ ਹਸਤੀ ਲਈ ਜਦੋ ਜਹਿਦ ਕਰਦੇ ਰਹੇ। ਸਾਂਝੀਆਂ ਚੋਣਾਂ ਹੋਣ ਕਰਕੇ ਪੰਥਕ ਵਿਚਾਰਧਾਰਾ ਵਾਲੇ ਸਿੱਖਾਂ ਦੀ, ਦੇਸ਼ ਦੇ ਸਿਆਸੀ ਤੇ ਸਰਕਾਰੀ ਹਲਕਿਆਂ ਵਿਚ ਪੁੱਛ ਦੱਸ ਜਾਂਦੀ ਰਹੀ। ਰਹਿੰਦੀ ਕਸਰ ਪੰਜਾਬ ਦੇ ਕੁਝ ਫਿਰਕਾ ਪ੍ਰਸਤਾਂ ਦੀ

ਫਿਰਕਾਪ੍ਰਸਤੀ ਨੇ ਪੂਰੀ ਕਰ ਦਿਤੀ ਜੋ ਕਿ ਸਿੱਖ ਦੁਸ਼ਮਣੀ ਵਿਚ ਏਥੋਂ ਤੱਕ ਚਲੇ ਗਏ ਕਿ ਆਪਣੀ ਮਾਂ ਬੋਲੀ ਪੰਜਾਬੀ ਤੋਂ ਵੀ ਮੁਨਕਰ ਹੋ ਗਏ। ਹਰੇਕ ਵਿਅਕਤੀ ਇਹ ਗੱਲ ਜਾਣਦਾ ਹੈ ਕਿ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਤੋਂ ਬਿਨਾ ਹੋਰ ਕੇਹੜੀ ਹੋ ਸਕਦੀ ਹੈ! ਇਹ ਝੂਠ ਇਸ ਲਈ ਬੋਲਿਆ ਗਿਆ ਤਾਂ ਕਿ ਇਹ ਸਾਬਤ ਕੀਤਾ ਜਾ ਸਕੇ ਕਿ ਪੰਜਾਬ ਦਾ ਹਰੇਕ ਪਿੰਡ ਕਾਗਜ਼ਾਂ ਵਿਚ ਦੋ ਭਾਸ਼ਾਈ ਸਿੱਧ ਕਰਕੇ ਬੋਲੀ ਦੇ ਆਧਾਰ ਉਪਰ ਸੂਬੇ ਦੀ ਸਿਰਜਣਾ ਰੋਕੀ ਜਾ ਸਕੇ। “ਨਾ ਰਹੇ ਵਾਂਸ, ਨਾ ਵੱਜੇ ਵੰਝਲ਼ੀ।“

ਇਕ ਦਿਲਚਸਪ ਵਾਕਿਆ: ਪ੍ਰਿੰਸੀਪਲ ਕਨ੍ਹਈਆ ਲਾਲ ਕਪੂਰ, ਜੋ ਕਿ ਪੰਜਾਬੀ, ਹਿੰਦੀ, ਉਰਦੂ, ਅੰਗ੍ਰੇਜ਼ੀ ਦੇ ਵਿਦਵਾਨ ਲਿਖਾਰੀ ਹੋਏ ਨੇ, ਦੱਸਦੇ ਨੇ ਕਿ ਇਕ ਵਾਰ ਉਹਨਾਂ ਨੇ ਇਕ ਫਾਰਮ ਭਰ ਕੇ ਸਰਕਾਰੀ ਕਰਮਚਾਰੀ ਨੂੰ ਫੜਾਇਆ। ਮਾਤ ਭਾਸ਼ਾ ਵਾਲ਼ੇ ਖ਼ਾਨੇ ਵਿਚ ਕਪੂਰ ਜੀ ਨੇ ਪੰਜਾਬੀ ਲਿਖ ਦਿਤੀ। ਬਾਰੀ ਪਿਛੇ ਬੈਠੇ ਬਾਬੂ ਨੇ ਹੈਰਾਨੀ ਨਾਲ਼ ਮਾਂ ਬੋਲੀ ਦੇ ਖਾਨੇ ਵਿਚ ਪੰਜਾਬੀ ਲਿਖਿਆ ਵੇਖ ਕੇ 'ਕਿੰਤੂ' ਕੀਤਾ ਤਾਂ ਕਪੂਰ ਜੀ ਨੇ ਆਖਿਆ, "ਸੁਣ ਬਾਬੂ, ਮੇਰੀ ਮਾਂ ਪੰਜਾਬਣ ਸੀ ਤੇ ਅੱਗੋਂ ਉਸ ਨੇ ਵਿਆਹ ਵੀ ਪੰਜਾਬੀ ਖੱਤਰੀ ਨਾਲ਼ ਕਰਵਾਇਆ ਸੀ ਤੇ ਉਹਨਾਂ ਦੋਹਾਂ ਪੰਜਾਬੀ ਖੱਤਰੀਆਂ ਦੇ ਘਰ ਮੈਂ ਵੀ ਪੰਜਾਬ ਵਿਚ ਹੀ ਜੰਮਿਆ ਸੀ। ਹੁਣ ਤੂੰ ਦੱਸ ਕਿ ਮੇਰੀ ਮਾਂ ਬੋਲੀ ਫਿਰ ਚੀਨੀ ਜਾਂ ਜਾਪਾਨੀ ਕਿਵੇਂ ਹੋ ਸਕਦੀ ਹੈ!"


(ਪ੍ਰਿੰਸੀਪਲ ਕਨ੍ਹਈਆ ਲਾਲ ਕਪੂਰ)

ਐਸੇ ਹਾਲਾਤ ਵਿਚ ਪੰਥਕ ਸੋਚ ਵਾਲ਼ੇ ਸਿੱਖਾਂ ਦੀ ਕੋਈ ਰਾਜਸੀ ਗੱਲ ਤਾਂ ਹੀ ਬਣ ਸਕਦੀ ਸੀ ਜੇਕਰ ਸਿਆਸੀ ਘੇਰਾਬੰਦੀ ਕਰਕੇ ਕੋਈ ਅਜਿਹਾ ਇਲਾਕਾ ਉਲੀਕਿਆ ਜਾਵੇ ਜਿਥੇ ਸਿੱਖਾਂ ਦੀ ਬਹੁਸੰਮਤੀ ਹੋਵੇ। ਅਕਾਲੀ ਫਿਰਕਾ ਪਰਸਤੀ ਦੇ ਲੇਬਲ ਤੋਂ ਬਚਣ ਲਈ ਸਿਧਾ ਤਾਂ ਸਿੱਖ ਬਹੁਸੰਮਤੀ ਵਾਲ਼ਾ ਸੂਬਾ ਮੰਗਦੇ ਨਹੀਂ ਸਨ। ਇਸ ਲਈ ਪੰਜਾਬੀ ਬੋਲੀ ਦੇ ਆਧਾਰ ਤੇ ਸੂਬੇ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਹੋਈ। ਆਖਰ ਲੰਮੀ ਜਦੋ ਜਹਿਦ ਪਿਛੋਂ, ੧ ਨਵੰਬਰ ੧੯੬੬ ਨੂੰ, ਮੌਜੂਦਾ ਪੰਜਾਬ ਦੇ ਰੂਪ ਵਿਚ ਸੂਬਾ ਬਣਾਉਣ ਲਈ, ਹਿੰਦ ਸਰਕਾਰ ਨੂੰ ਕਈ ਕਾਰਨਾਂ ਕਰਕੇ, ਮਜਬੂਰ ਹੋਣਾ ਹੀ ਪਿਆ। ਦਿੱਲੀਉਂ ਗਿ. ਗੁਰਮੁਖ ਸਿੰਘ ਮੁਸਾਫਰ ਨੂੰ ਇਸ ਦਾ ਮੁਖ ਮੰਤਰੀ ਬਣਾ ਕੇ ਭੇਜਿਆ ਗਿਆ ਜਿਸ ਦੀ ਅਗਵਾਈ ਹੇਠ ਮਾਰਚ ੧੯੬੭ ਦੀਆਂ ਚੋਣਾਂ ਹੋਈਆਂ, ਕਾਂਗਰਸ ਪਾਰਟੀ ਬਹੁਸੰਮਤੀ ਪ੍ਰਾਪਤ ਕਰਨ ਵਿਚ ਅਸਫ਼ਲ ਰਹੀ।


(ਗਿ. ਗੁਰਮੁਖ ਸਿੰਘ ਮੁਸਾਫਰ)

ਸੰਤ ਫ਼ਤਿਹ ਸਿੰਘ ਜੀ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਨੇ ਇਹ ਚੋਣਾਂ ਤਕਰੀਬਨ ਸਾਰੀਆਂ ਹੀ ਕਾਂਗਰਸ ਵਿਰੋਧੀ ਪਾਰਟੀਆਂ ਨਾਲ਼, ਸੀਟਾਂ ਦੀ ਐਡਜੈਸਟਮੈਂਟ ਕਰਕੇ, ਕਾਂਗਰਸ ਦੇ ਖ਼ਿਲਾਫ਼ ਲੜੀਆਂ ਸਨ। ਜਦੋਂ ਚੋਣ ਪ੍ਰਚਾਰ ਦਾ ਸਮਾ ਸਮਾਪਤ ਹੋਇਆ ਤਾਂ ਸੰਤ ਜੀ ਅਕਾਲੀ ਆਗੂਆਂ ਦੀ, ਇਹਨਾਂ ਚੋਣਾਂ ਦੌਰਾਨ ਵਿਖਾਈ ਗਈ ਹੱਦੋਂ ਵਧ ਸਵਾਰਥੀ ਬਿਰਤੀ ਤੋਂ ਤੰਗ ਆ ਕੇ, ਗੁੱਸੇ ਨਾਲ਼ ਬੁਢੇ ਜੌਹੜ (ਗੰਗਾਨਗਰ) ਚਲੇ ਗਏ। ਮੈ ਓਹਨੀਂ ਦਿਨੀਂ ਓਥੇ ਦੇ ਵਿਦਿਆਲੇ ਦੇ ਸੰਗੀਤ ਟੀਚਰ ਨੂੰ ਕਲਾਸੀਕਲ ਗੁਰਮਤਿ ਸੰਗੀਤ ਦੀ ਅਗਲੇਰੀ ਸਿਖਿਆ ਦੇਣ ਵਾਸਤੇ ਭੇਜਿਆ ਗਿਆ ਹੋਇਆ ਸਾਂ। ਮੇਰੀ ਸਟੇਜੀ ਯੋਗਤਾ ਤੋਂ ਪ੍ਰਭਾਵਤ ਹੋ ਕੇ ਸੰਤ ਜੀ ਮੈਨੂੰ ਆਪਣੇ ਨਾਲ਼ ਹੀ ਲੈ ਆਏ ਤੇ ਚੁੱਪ ਚਾਪ ਆ ਕੇ ਗੰਗਾਨਗਰ ਦੇ ਨੇੜੇ, ਸੈਂਟਰਲ

ਗੁਰਦੁਆਰਾ ੧੯ ਜ਼ੈਡ, ਵਿਖੇ ਟਿਕ ਗਏ। ਪੰਜਾਬ ਦੀਆਂ ਚੋਣਾਂ ਦੇ ਨਤੀਜੇ ਨਿਕਲਣੇ ਸ਼ੁਰੂ ਹੋਏ। ਜਲੰਧਰ ਸਟੇਸ਼ਨ ਦੇ ਪ੍ਰਦੇਸ਼ਕ ਸਮਾਚਾਰ ਬੁਲਿਟਨ ਤੋਂ ਅਸੀਂ ਨਤੀਜੇ ਸੁਣ ਰਹੇ ਸਾਂ। ਸੰਤ ਜੀ ਇਕੱਲੇ ਹੀ ਸਨ ਤੇ ਕੋਲ ਸਿਰਫ ਮੈਂ ਹੀ ਸੀ; ਹੋਰ ਕੋਈ ਉਸ ਸਮੇ ਓਥੇ ਮੌਜੂਦ ਨਹੀ ਸੀ। ਇਕ ਤੋਂ ਬਾਅਦ ਇਕ, ਵਾਰੀ ਵਾਰੀ ਸੀਟਾਂ ਦੇ ਨਤੀਜੇ ਆਉਣੇ ਸ਼ੁਰੂ ਹੋਏ। ਸੰਤ ਜੀ ਨਤੀਜਿਆਂ ਤੋਂ ਮਾਯੂਸ ਜਿਹੇ ਹੋਈ ਜਾਣ। ਦਹਾਕਿਆਂ ਦੀਆਂ ਕੁਰਬਾਨੀਆਂ ਪਿਛੋਂ ਬਣਾਏ ਗਏ ਸੂਬੇ ਵਿਚ ਵੀ ਅਕਾਲੀ ਦਲ ਨੂੰ ਬਹੁਸੰਮਤੀ ਨਾ ਮਿਲ਼ ਸਕੀ। ਮੋਰਚੇ ਦੌਰਾਨ ਸੰਤ ਜੀ ਦੇ ਨਾ਼ਲ ਸੜ ਮਰਨ ਲਈ ਤਿਆਰ ਪੰਜ 'ਜਿੰਦਾ ਸ਼ਹੀਦਾਂ' ਵਿਚੋਂ ਵੀ ਤਿੰਨ ਜਣੇ ਚੋਣ ਹਾਰ ਗਏ। ਹਲਕਾ ਬਿਆਸ ਤੋਂ ਸੰਤ ਜੀ ਦੇ ਸਭ ਤੋਂ ਵਧ ਵਿਸ਼ਵਾਸ਼ ਪਾਤਰ, ਜ. ਜੀਵਨ ਸਿੰਘ ਉਮਰਾਨੰਗਲ ਦੇ ਹਾਰ ਜਾਣ ਦੀ ਜਦੋਂ ਖ਼ਬਰ ਆਈ ਕਿ ਓਥੋਂ ਕਾਂਗਰਸੀ, ਜ. ਸੋਹਣ ਸਿੰਘ ਜਲਾਲ ਉਸਮਾ, ਆਪਣੇ ਨਿਕਟ ਵਿਰੋਧੀ, ਡਾ. ਕਰਤਾਰ ਸਿੰਘ ਦੌਲੋ ਨੰਗਲ ਨੂੰ ਹਰਾ ਕੇ, ਚੋਣ ਜਿਤ ਗਏ ਹਨ ਤਾਂ ਸੰਤ ਜੀ ਕੁਝ ਕੁ ਨਿਰਾਸਤਾ ਜਿਹੀ ਵਿਚ ਬੋਲੇ, "ਸਾਡਾ ਜਥੇਦਾਰ ਨਿਕਟ ਵਿਰੋਧੀ ਵੀ ਨਹੀ ਬਣ ਸਕਿਆ!"


(ਸ. ਲਛਮਣ ਸਿੰਘ ਗਿੱਲ)

ਦਿਲਚਸਪ ਗੱਲ ਇਹ ਹੋਈ ਕਿ ਜਦੋਂ ਹੀ ਖ਼ਬਰਾਂ ਪੜ੍ਹਨ ਵਾ਼ਲੀ ਬੀਬੀ ਨੇ ਇਹ ਉਚਾਰਿਆ, "ਹੁਣ ਕਾਂਗਰਸ ਨੂੰ ਬਹੁਮੱਤ ਪ੍ਰਾਪਤ ਕਰਨ ਲਈ ਬਾਕੀ ਬਚੀਆਂ ਪੰਜੇ ਦੀਆਂ ਪੰਜੇ ਸੀਟਾਂ ਸੀਟਾਂ ਜਿੱਤਣੀਆਂ ਪੈਣਗੀਆਂ।" ਤਾਂ ਸੰਤ ਜੀ ਨੇ ਆਖਿਆ, "ਹੁਣ ਕਾਂਗਰਸ ਨੂੰ ਬਹੁਮੱਤ ਵਿਚ ਆਉਣ ਤੋਂ ਰੋਕਣ ਲਈ ਬਾਕੀ ਰਹਿੰਦੀਆਂ ਸਾਰੀਆਂ ਸੀਟਾਂ ਸਾਨੂੰ ਜਿੱਤਣੀਆਂ ਪੈਣਗੀਆਂ।" ਹੈਰਾਨੀ ਹੋਵੇਗੀ ਇਹ ਜਾਣ ਕੇ ਕਿ ਉਸ ਤੋਂ ਬਾਅਦ ਕਾਂਗਰਸ ਨੂੰ ਉਸ ਚੋਣ ਵਿਚ ਇਕ ਵੀ ਸੀਟ ਪ੍ਰਾਪਤ ਨਹੀ ਸੀ ਹੋਈ। ਰਹਿੰਦੀਆਂ ਸੀਟਾਂ ਸਾਰੀਆਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਿੱਤ ਗਏ। ਕੁੱਲ ੧੦੪ ਸੀਟਾਂ ਵਿਚੋਂ: ੨੪ ਸੰਤ ਅਕਾਲੀ ਦਲ, ੨ ਮਾਸਟਰ ਅਕਾਲੀ ਦਲ, ੪੮ ਕਾਂਗਰਸ, ੩ ਰੀਪਬਲਿਕਨ, ੫ ਸੱਜੇ ਤੇ ੩ ਖੱਬੇ ਕਮਿਊਨਿਸਟ, ੯ ਜਨ ਸੰਘੀ, ੯ ਆਜ਼ਾਦ, ੧ ਸੰ.ਸੋ.ਪਾ. ਨੂੰ ਸੀਟਾਂ ਮਿ਼ਲੀਆਂ। ਸਰਕਾਰ ਬਣਾਉਣ ਲਈ ੫੩ ਮੈਂਬਰਾਂ ਦੀ ਲੋੜ ਸੀ। ਸੰਤ ਜੀ ਕਹਿਣ ਲੱਗੇ, "ਜੇ ਅੱਜ ਸਾਡੇ ਵਿਚ ਗਿਆਨੀ ਕਰਤਾਰ ਸਿੰਘ ਹੁੰਦਾ ਤਾਂ ਅਸੀਂ ਸਰਕਾਰ ਬਣਾ ਸਕਦੇ ਸੀ। ਮੈਂ ਵੀ ਜੇ ਓਥੇ ਹੁੰਦਾ ਤਾਂ ਵੀ ਅਸੀਂ ਸਰਕਾਰ ਬਣਾ ਸਕਦੇ ਸਾਂ।" ਮੈਂ ਸੋਚਾਂ ਕਿ ਪਿੰਡ ਦੀ ਪੰਚਾਇਤ ਤੋਂ ਲੈ ਕੇ ਦੇਸ਼ ਦੀ ਪਾਰਲੀਮੈਂਟ ਤੱਕ ਕਾਂਗਰਸ ਦਾ ਕਬਜਾ। ਪੰਜਾਬ ਕੌਂਸਲ ਵਿਚ ਇਕ ਵੀ ਅਕਾਲੀ ਮੈਂਬਰ ਨਹੀ। ਇਸ ਤੋਂ ਇਲਾਵਾ ਹੁਣ ਤੱਕ ਤਾਂ ਏਹੀ ਵੇਖਦੇ ਆਏ ਸਾਂ ਕਿ ਅਕਾਲੀ ਅਤੇ ਹੋਰ ਜਿੱਤ ਕੇ ਕਾਂਗਰਸ ਵਿਚ ਜਾਂਦੇ ਸਨ; ਕਦੀ ਕੋਈ ਕਾਂਗਰਸ ਵੱਲੋਂ ਜਿੱਤ ਕੇ ਅਕਾਲੀਆਂ ਵੱਲ ਨਹੀਂ ਸੀ ਆਇਆ। ਏਸੇ ਦੌਰਾਨ ਰੋਪੜ ਤੋਂ ਜਿੱਤਣ ਵਾ਼ਲਾ ਇਕ ਅਕਾਲੀ, ਮਾਸਟਰ ਬਲਦੇਵ ਸਿੰਘ ਤੇ ਸਮਾਣੇ ਤੋਂ ਜਿੱਤਣ ਵਾ਼ਲਾ ਆਜ਼ਾਦ ਹਰਭਜਨ ਲਾਲ, ਕਾਂਗਰਸ ਵਿਚ ਜਾ ਵੜੇ ਤੇ ਇਸ ਤਰ੍ਹਾਂ ਕਾਂਗਰਸੀਆਂ ਦੀ ਗਿਣਤੀ ਅਠਤਾ਼ਲੀ ਤੋਂ ਪੰਜਾਹ ਹੋ ਗਈ ਅਤੇ ਅਕਾਲੀ ੨੪ ਤੋਂ ੨੩ ਰਹਿ ਗਏ। ਸੋਚਣ ਵਾ਼ਲੀ ਗੱਲ ਹੈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ੨੩ ਸਰਕਾਰ ਬਣਾ ਜਾਣ ਤੇ ੫੦ ਮੂੰਹ ਵੇਖਦੇ ਰਹਿ ਜਾਣ! ਵੈਸੇ ਓਥੇ ਸੈਂਟਰਲ ਗੁਰਦੁਆਰਾ ੧੯ ਜ਼ੈਡ ਵਿਚ ਹੀ ਬੈਠਿਆਂ ਪੂਰੇ ਨਤੀਜੇ ਨਿਕਲਣ ਉਪ੍ਰੰਤ, ਸੰਤ ਜੀ ਨੇ ਮੈਨੂੰ ਆਖਿਆ ਕਿ ਪੰਜਾਬ ਦਾ ਲਾਭ ਇਸ ਗੱਲ ਵਿਚ ਹੈ ਕਿ ਅਕਾਲੀ-ਕਾਂਗਰਸ ਕੁਲੀਸ਼ਨ ਸਰਕਾਰ ਬਣੇ। ਇਸ ਤਰ੍ਹਾਂ ਸਿੱਖ ਅਤੇ ਕਾਂਗਰਸ ਸਰਕਾਰ ਵਿਚਕਾਰ ਟਕਰਾ ਦੀ ਨੀਤੀ ਦਾ ਖ਼ਾਤਮਾ ਹੋਵੇਗਾ ਤੇ ਪੰਜਾਬ ਨਾ਼ਲ ਕੀਤੀਆਂ ਗਈਆਂ ਬੇਇਨਸਾਫੀਆਂ ਵੀ ਦੂਰ ਹੋਣ ਦੇ ਹਾਲਾਤ ਪੈਦਾ ਹੋ ਸਕਦੇ ਹਨ। ਬਿਨਾ ਸੋਚੇ ਵਿਚਾਰੇ ਮੈ ਇਕ ਦਮ ਆਖ ਦਿਤਾ, "ਫਿਰ ਇਉਂ ਕਰ ਲੈਣਾ ਚਾਹੀਦਾ ਹੈ।" ਸੰਤ ਜੀ ਨੇ ਕਿਹਾ, "ਇਸ ਤਰ੍ਹਾਂ ਹੋ

ਜਾਣ ਨਾਲ਼ ਫਿਰ ਅਸੀਂ ਕਾਂਗਰਸੀ ਠੱਪੇ ਵਾਲ਼ੇ ਬਣ ਜਾਵਾਂਗੇ ਤੇ ਪੰਥਕ ਅਗਵਾਈ ਫਿਰ ਮਾਸਟਰ ਧੜੇ ਦੇ ਹੱਥ ਚਲੀ ਜਾਵੇਗੀ।"

ਨਤੀਜੇ ਨਿਕਲਣ ਤੋਂ ਅਗਲੇ ਦਿਨ ਹੀ ਪੰਜਾਬ ਤੋਂ ਅਕਾਲੀ ਲੀਡਰ ਇਕ ਤੋਂ ਬਾਅਦ ਇਕ ਓਥੇ ਖ਼ੁਸ਼ੀ ਵਿਚ ਰੌਲ਼ਾ ਪਾਉਂਦੇ ਆਉਣੇ ਸ਼ੁਰੂ ਹੋ ਗਏ। ਓਥੇ ਪਹੁੰਚੇ ਅਕਾਲੀ ਆਗੂਆਂ ਦੀਆਂ ਵਾਰ ਵਾਰ ਕੀਤੀਆਂ ਜਾ ਰਹੀਆਂ ਬੇਨਤੀਆਂ ਮੰਨ ਕੇ, ਦੋ ਕੁ ਦਿਨਾਂ ਬਾਅਦ ਸੰਤ ਜੀ ਉਹਨਾਂ ਦੇ ਅੱਗੇ ਲੱਗ ਕੇ ਤੁਰ ਪਏ ਤੇ ਇਹ ਸਾਰਾ ਕਾਫ਼ਲਾ ਖੰਨੇ ਵਿਖੇ, ਸ. ਮਹਿੰਦਰ ਸਿੰਘ ਖੰਨਾ ਦੇ ਕਾਰਖਾਨੇ ਆ ਕੇ ਡੇਰਾ ਲਾ ਬੈਠਾ। ਫਿਰ ਸ਼ੁਰੂ ਹੋਈ ਸਾਰੇ ਕਾਂਗਰਸ ਵਿਰੋਧੀ ਮੈਬਰਾਂ ਨੂੰ ਇਕੱਠੇ ਕਰਨ ਦੀ ਮੁਹਿਮ। ਸਾਰੇ ਹੀ ਕਾਂਗਰਸ ਵਿਰੋਧੀ ਐਮ.ਐਲ.ਏ. ਜਿਨ੍ਹਾਂ ਦੀ ਗਿਣਤੀ ੫੩ ਹੋ ਗਈ ਇਕੱਠੇ ਕਰ ਲਏ ਗਏ। ਇਕ ਖਾਲੀ ਕਾਗਜ਼ ਉਪਰ ਉਹਨਾਂ ਦੇ ਦਸਤਖ਼ਤ ਲੈ ਲਏ ਗਏ। ਉਸ ਕਾਗਜ਼ ਦੇ ਉਪਰ ਛੱਡੇ ਗਏ ਖਾਲੀ ਥਾਂ ਉਪਰ ਬਾਅਦ ਵਿਚ ਗਵਰਨਰ ਨੂੰ ਦੇਣ ਵਾਲ਼ੀ ਚਿੱਠੀ ਦੀ ਇਬਾਰਤ ਲਿਖ ਲਈ ਗਈ। ਜਿਵੇਂ ਕਿ ਰਾਜਸੀ ਪਾਰਟੀਆਂ ਵਿਚ ਆਮ ਪ੍ਰੈਕਟਿਸ ਹੀ ਹੈ: ਪਾਰਟੀ ਲੀਡਰ, ਜਿਸ ਨੇ ਫੇਰ ਮੁਖ ਮੰਤਰੀ ਬਣਨਾ ਸੀ, ਚੁਣਨ ਦੇ ਅਧਿਕਾਰ ਦਲ ਦੇ ਪ੍ਰਧਾਨ, ਸੰਤ ਫ਼ਤਿਹ ਸਿੰਘ ਜੀ, ਨੂੰ ਸੌਂਪ ਦਿਤੇ ਗਏ। ਸੰਤ ਜੀ ਨੇ ਆਪਣੇ ਕਮਰੇ ਵਿਚ ਇਕੱਲੇ ਇਕੱਲੇ ਐਮ.ਐਲ.ਏ. ਨੂੰ ਸੱਦ ਕੇ ਉਹਨਾਂ ਦੀ ਗੁਪਤ ਰਾਇ ਪੁਛੀ ਕਿ ਕਿਸ ਨੂੰ ਲੀਡਰ ਬਣਾਇਆ ਜਾਵੇ। ਹਰੇਕ ਨੇ ਪਹਿਲਾਂ ਆਖਣਾ, "ਜਿਸ ਨੂੰ ਮਰਜੀ ਹੈ ਬਣਾ ਦਿਓ।" ਫੇਰ ਪੁੱਛਣ ਤੇ ਆਖਣਾ, "ਮੈਨੂੰ ਬਣਾ ਦਿਓ।" ਤੀਜੀ ਵਾਰੀ ਜੋਰ ਦੇ ਕੇ ਪੁਛਣ ਤੇ ਫੇਰ ਇਕ ਦਾ ਨਾਂ ਲੈ ਦੇਣਾ। ਸ. ਹਜਾਰਾ ਸਿੰਘ ਗਿੱਲ ਦੀ ਰਾਇ ਸ. ਹਰਚਰਨ ਸਿੰਘ ਹੁਡਿਆਰਾ ਦੇ ਹੱਕ ਵਿਚ ਤੇ ਸ. ਕਰਨੈਲ ਸਿੰਘ ਮਰੜੀ ਦੀ ਸ. ਲਛਮਣ ਸਿੰਘ ਗਿੱਲ ਦੇ ਹੱਕ ਵਿਚ ਸੀ ਤੇ ਬਾਕੀ ਤਕਰੀਬਨ ਸਾਰਿਆਂ ਦੀ ਜਸਟਿਸ ਗੁਰਨਾਮ ਸਿੰਘ ਦੇ ਹੱਕ ਵਿਚ ਸੀ। ਸੋ ਸੰਤ ਫ਼ਤਿਹ ਸਿੰਘ ਜੀ ਨੇ ਸੰਤ ਚੰਨਣ ਸਿੰਘ ਜੀ ਨੂੰ ਦੱਸ ਦਿਤਾ।

ਮੁਕਦੀ ਗੱਲ ਕਿ ੭ ਮਾਰਚ ੧੯੬੭ ਵਾਲ਼ੇ ਦਿਨ ਸੰਤ ਚੰਨਣ ਸਿੰਘ ਜੀ (ਪ੍ਰਧਾਨ ਸ਼੍ਰੋਮਣੀ ਗੁ. ਪ੍ਰ. ਕਮੇਟੀ) ਦੀ ਪ੍ਰਧਾਨਗੀ ਹੇਠਾਂ ਓਥੇ ੫੩ ਐਮ.ਐਲ.ਏਜ਼ ਦੀ ਮੀਟਿੰਗ ਹੋਈ। 'ਪੀਪਲਜ਼ ਯੂਨਾਈਟਡ ਫ਼ਰੰਟ' ਨਾਂ ਦੀ ਪਾਰਟੀ ਬਣਾ ਕੇ ਉਸ ਦਾ ਲੀਡਰ ਜਸਟਿਸ ਗੁਰਨਾਮ ਸਿੰਘ ਤੇ ਡਿਪਟੀ ਲੀਡਰ ਜਨ ਸੰਘੀ ਡਾ. ਬਲਦੇਵ ਪ੍ਰਕਾਸ਼ ਨੂੰ ਚੁਣ ਕੇ, ਅਗਲੇ ਦਿਨ ੫੩ ਮੈਂਬਰ ਉਹ ਚਿਠੀ ਲੈ ਕੇ ਗਵਰਨਰ ਦੇ ਜਾ ਪੇਸ਼ ਹੋਏ। ਗਵਰਨਰ ਨੇ ਅਗਲੇ ਦਿਨ ੯ ਮਾਰਚ ਨੂੰ ਨਵੀ ਵਜ਼ਾਰਤ ਨੂੰ ਸਹੁੰ ਚੁਕਵਾ ਦਿਤੀ ਤੇ ਇਸ ਤਰ੍ਹਾਂ ਨਵੇ ਪੰਜਾਬ ਦੀ ਪਹਿਲੀ ਬਣੀ, ਗਿ. ਗੁਰਮੁਖ ਸਿੰਘ ਮੁਸਾਫ਼ਰ ਵਾਲ਼ੀ ਕਾਂਗਰਸ ਸਰਕਾਰ ਦਾ, ਪੂਰੇ ਚਾਰ ਮਹੀਨੇ ਤੇ ਅਠ ਦਿਨ ਪਿਛੋਂ ਭੋਗ ਪੈ ਕੇ, ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਾਲ਼ੀ ਪਹਿਲੀ ਗ਼ੈਰ ਕਾਂਗਰਸੀ ਸਰਕਾਰ, ਜਿਸ ਨੂੰ ਲੋਕ 'ਫ਼ਰੰਟ ਸਰਕਾਰ' ਆਖਦੇ ਸੀ, ਹੋਂਦ ਵਿਚ ਆ ਗਈ। ਜੱਜ ਸਾਹਿਬ ਦੇ ਨਾਲ਼ ਹੀ ਬਾਕੀ ਮੰਤਰੀਆਂ: ਡਾ. ਬਲਦੇਵ ਪ੍ਰਕਾਸ਼ (ਜਨਸੰਘ), ਲਛਮਣ ਸਿੰਘ ਗਿੱਲ (ਅਕਾਲੀ ਦਲ), ਮੇਜਰ ਜਨਰਲ (ਰਿਟਾਇਰਡ) ਰਾਜਿੰਦਰ ਸਿੰਘ ਸਪੈਰੋ (ਆਜ਼ਾਦ) ਕਾਮਰੇਡ ਸੱਤਪਾਲ ਡਾਂਗ (ਸੱਜਾ ਕਮਿਊਨਿਸਟ), ਪਿਆਰਾ ਰਾਮ ਧੰਨੋਵਾਲ਼ੀ (ਰੀਪਬਲਿਕਨ), ਨੇ ਵੀ ਸਹੁੰ ਚੁੱਕੀ।

ਆਜ਼ਾਦ ਨੌਂ ਮੈਬਰ ਜਿਤੇ ਸਨ। ਇਕ ਤਾਂ ਕਾਂਗਰਸ ਵਿਚ ਚਲਿਆ ਗਿਆ ਤੇ ਦੂਜੇ, ਹਲਕਾ ਡਕਾਲ਼ਾ ਤੋਂ ਆਜ਼ਾਦ ਜਿੱਤੇ, ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ, ਕਿਸੇ ਪਾਸੇ ਵੀ ਨਾ ਆਏ ਤੇ ਨਾ ਅਸੈਂਬਲੀ ਵਿਚ ਸਹੁੰ ਚੁੱਕਣ ਹੀ ਗਏ। ਦਰ ਅਸਲ ਮਹਾਰਾਜਾ ਸਾਹਿਬ ਰੋਮ ਵਿਚੋਂ ਐਂਬੈਸਡਰ ਦੀ ਪੋਸਟ ਛੱਡ ਕੇ ਪੰਜਾਬ ਦੀ ਚੀਫ਼ ਮਨਿਸਟਰੀ ਦੀ ਆਸ ਲੈ ਕੇ ਆਏ ਸਨ। ਕਾਂਗਰਸ ਦੀ ਹਾਲਤ ਪਤਲੀ ਵੇਖ ਕੇ ਉਹਨਾਂ ਨੇ ਕਾਂਗਰਸ ਦੀ ਅੰਦਰੋਂ ਸਹਿਮਤੀ ਨਾਲ਼, ਇਸ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਕਿ ਕਾਂਗਰਸ ਤਾਂ ਉਹਨਾਂ ਨੂੰ ਮੰਨ ਲਵੇਗੀ ਤੇ ਆਜ਼ਾਦ ਹੋਣ ਕਰਕੇ ਬਾਕੀ ਪਾਰਟੀਆਂ ਵੀ ਉਹਨਾਂ ਨੂੰ ਮੰਨ ਲੈਣਗੀਆਂ ਤੇ ਇਸ ਤਰ੍ਹਾਂ ਉਹ ਨਿਰਵਿਵਾਦ ਪੰਜਾਬ ਦੇ ਮੁਖ ਮੰਤਰੀ ਬਣ ਜਾਣਗੇ। ਕਾਂਗਰਸ ਨੇ ਜਾਣ ਬੁਝ ਕੇ ਆਪਣੇ ਉਮੀਦਵਾਰ, ਗਿ. ਜ਼ੈਲ ਸਿੰਘ, ਦੇ ਕਾਗਜ਼ ਰੱਦ ਕਰਵਾ ਕੇ ਮਹਾਰਾਜਾ ਜੀ ਲਈ ਸੀਟ ਖਾਲੀ ਛੱਡ ਦਿਤੀ ਸੀ ਪਰ ਸ਼੍ਰੋਮਣੀ ਅਕਾਲੀ ਦਲ (ਸੰਤ) ਨੇ ਮੁਲਾਜ਼ਮ ਆਗੂ, ਸ.




ਰਣਬੀਰ ਸਿੰਘ ਢਿੱਲੋਂ, ਆਜ਼ਾਦ ਦੀ ਸਹਾਇਤਾ ਕੀਤੀ। ਮਹਾਰਾਜਾ ਸਾਹਿਬ ਰੀਕਾਰਡ ਤੋੜ ਵੋਟਾਂ ਲੈ ਕੇ ਜਿੱਤ ਗਏ ਪਰ ਚੀਫ਼ ਮਿਨਿਸਟਰੀ ਦੇ ਜੋੜ ਤੋੜ ਵਿਚ ਪਿਛੇ ਰਹਿ ਗਏ। ਉਹ ਐਮ.ਐਲ.ਏ. ਬਣਨ ਵਾਸਤੇ ਤਾਂ ਐਂਬੈਸਡਰੀ, ਜੋ ਕਿ ਸੈਂਟਰ ਦੇ ਕੈਬਨਿਟ ਮਿਨਿਸਟਰ ਦੇ ਬਰਾਬਰ ਪੋਸਟ ਹੁੰਦੀ ਹੈ, ਛੱਡ ਕੇ ਨਹੀ ਸਨ ਆਏ। ਜਦੋਂ ਮੁਖ ਮੰਤਰੀ ਵਾਲ਼ੀ ਸਕੀਮ ਉਹਨਾਂ ਦੀ ਸਿਰੇ ਨਾ ਚੜ੍ਹੀ ਤਾਂ ਉਹਨਾਂ ਨੇ ਸੰਤ ਫ਼ਤਿਹ ਸਿੰਘ ਜੀ ਨੂੰ ਸਪੀਕਰੀ ਲੈਣ ਲਈ ਵੀ ਪਹੁੰਚ ਕੀਤੀ ਪਰ ਇਸ ਪਦਵੀ ਵਾਸਤੇ ਸ. ਸਿਮਰਨਜੀਤ ਸਿੰਘ ਮਾਨ ਦੇ ਪਿਤਾ, ਸ. ਜੋਗਿੰਦਰ ਸਿੰਘ ਮਾਨ ਜੀ ਦੇ ਹੱਕ ਵਿਚ ਪਹਿਲਾਂ ਹੀ ਫੈਸਲਾ ਹੋ ਚੁੱਕਿਆ ਸੀ।

੧੯੬੭ ਵਾਲ਼ੀ ਸਰਕਾਰ ਚੂੰ ਚੂੰ ਦਾ ਮੁਰੱਬਾ ਸੀ। ਕਈ ਪਾਰਟੀਆਂ ਅਤੇ ਆਜ਼ਾਦਾਂ ਨੇ ਪੜ ਦੀ ਗਿਣਤੀ ਵਿਚ ਇਕੱਠੇ ਹੋ ਕੇ ਸਰਕਾਰ ਬਣਾਈ ਸੀ। ਇਸ ਸਰਕਾਰ ਨੂੰ ਸੰਤ ਫਤਿਹ ਸਿੰਘ ਜੀ, ਆਪਣੇ ਹਾਸਰਸੀ ਸੁਭਾਉ ਕਰਕੇ 'ਮਹਾਂਭੋਲ਼ੇ ਦਾ ਟੱਬਰ' ਆਖਿਆ ਕਰਦੇ ਸਨ। ਇਕ ਦਿਨ ਮੇਰੇ ਪੁੱਛਣ ਤੇ ਉਹਨਾਂ ਨੇ ਇਸ ਦੀ ਵਿਆਖਿਆ ਇਉਂ ਕੀਤੀ: ਸ਼ਿਵ ਜੀ ਦੀ ਪਤਨੀ ਪਾਰਬਤੀ ਸ਼ਿਵ ਦੇ ਸਿਰ ਵਿਚਲੀ ਗੰਗਾ ਨੂੰ ਆਪਣੀ ਸੌਂਕਣ ਸਮਝਦੀ ਹੈ। ਪਾਰਬਤੀ ਦੀ ਸਵਾਰੀ ਵਾਲ਼ਾ ਸ਼ੇਰ ਤੇ ਸ਼ਿਵ ਜੀ ਦੀ ਸਵਾਰੀ ਵਾਲ਼ਾ ਬਲ਼ਦ, ਜੋ ਸ਼ੇਰ ਦਾ ਖਾਜਾ ਹੈ। ਸ਼ਿਵ ਜੀ ਦੇ ਪੁੱਤਰ ਗਣੇਸ਼ ਜੀ ਦੀ ਸਵਾਰੀ ਚੂਹਾ, ਜੋ ਕਿ ਸ਼ਿਵ ਦੇ ਗਲ਼ ਵਿਚ ਲਟਕਦੇ ਸੱਪ ਦਾ ਭੋਜਨ ਹੈ, ਸ਼ਿਵ ਦੇ ਦੂਜੇ ਪੁੱਤਰ ਕਾਰਤਿਕ ਦੀ ਸਵਾਰੀ ਮੋਰ ਜੇਹੜਾ ਸੱਪ ਦਾ ਦੁਸ਼ਮਣ ਹੈ। ਇਸ ਆਧਾਰ ਉਪਰ ਸੰਤ ਜੀ ਨੇ ਇਸ ਸਰਕਾਰ ਵਿਚ ਸ਼ਾਮਲ ਪਾਰਟੀਆਂ ਅਤੇ ਆਜ਼ਾਦਾਂ ਨੂੰ ਜੋੜ ਕੇ ਦੱਸਿਆ।

"ਫਿਰ ਤਾਂ ਉਲ਼ਟੀ ਗੰਗਾ ਪਿਹੋਵੇ ਨੂੰ" ਵਾਲ਼ੀ ਲੋਕੋਕਤੀ ਸੱਚੀ ਸਾਬਤ ਹੋ ਗਈ। ਕਾਂਗਰਸੀ ਸਿੱਖ ਐਮ.ਐਲ.ਏ. ਕਾਂਗਰਸ ਵਿਚੋਂ ਅਕਾਲੀ ਦਲ ਵੱਲ ਵਹੀਰਾਂ ਘੱਤ ਕੇ ਆਉਣੇ ਸ਼ੁਰੂ ਹੋ ਗਏ। ਹੈਰਾਨੀ ਹੁੰਦੀ ਸੀ ਕਿ ਦਹਾਕਿਆਂ ਤੋਂ ਕਾਂਗਰਸ ਵਿਚ ਬੈਠੇ ਸਿੱਖ, ਹੁਣ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲ਼ੀ ਸਰਕਾਰ, ਬਣਨ ਸਾਰ ਹੀ, ਏਧਰ ਆਉਣੇ ਸ਼ੁਰੂ ਹੋ ਗਏ! ਇਉਂ ਲੱਗਦਾ ਸੀ ਕਿ ਉਹ ਕੇਵਲ ਮਜਬੂਰੀ ਵਿਚ ਹੀ ਕਾਂਗਰਸ ਵਿਚ ਬੈਠੇ ਹੋਏ ਸਨ। ਹੁਣ ਤੱਕ ਦਾ ਇਤਿਹਾਸ ਤੇ ਏਹੀ ਦੱਸਦਾ ਸੀ ਕਿ ਕਦੀ ਵੀ ਕਾਂਗਰਸ ਵਿਚੋਂ ਏਧਰ ਨਹੀਂ ਸੀ ਕੋਈ ਆਇਆ; ਹਰ ਸਮੇ ਏਧਰੋਂ ਹੀ ਓਧਰ ਜਾਂਦੇ ਰਹੇ ਸਨ। ਸ. ਬਲਵੰਤ ਸਿੰਘ, ਸ. ਗੁਰਮੀਤ ਸਿੰਘ. ਸ. ਸ਼ਿੰਗਾਰਾ ਸਿੰਘ, ਟਿੱਕਾ ਜਗਤਾਰ ਸਿੰਘ ਆਦਿ ਕਾਂਗਰਸ ਵੱਲੋਂ ਜਿੱਤ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਗੁਰਨਾਮ ਸਿੰਘ ਦੀ ਸਰਕਾਰ ਤੋੜ ਕੇ ਬਣਾਈ, ਸ. ਗਿੱਲ ਦੀ ਸਰਕਾਰ ਦਾ ਭੋਗ ਪੈਣ ਪਿੱਛੋਂ, ਕਾਂਗਰਸ ਦਾ ਲੀਡਰ ਸ. ਗਿਆਨ ਸਿੰਘ ਰਾੜੇਵਾਲ਼ਾ ਵੀ ਦਲ ਵਿਚ ਆ ਗਿਆ। ਅਗਲਾ ਪਾਰਟੀ ਲੀਡਰ, ਮੇਜਰ ਹਰਿੰਦਰ ਸਿੰਘ ਵੀ, ਸੰਤ ਚੰਨਣ ਸਿੰਘ ਜੀ ਨਾਲ਼, ਦਲ ਵਿਚ ਆਉਣ ਲਈ ਗੱਲ ਬਾਤ ਕਰ ਰਿਹਾ ਸੀ ਪਰ ਉਸ ਦੀਆਂ ਸ਼ਰਤਾਂ ਜਸਟਿਸ ਗੁਰਨਾਮ ਸਿੰਘ ਨੂੰ ਨਾ ਮਨਜ਼ੂਰ ਹੋਣ ਕਰਕੇ, ਗੱਲ ਸਿਰੇ ਨਾ ਚੜ੍ਹ ਸਕੀ। ਮੇਜਰ ਸਾਹਿਬ ਗ੍ਰਿਹ ਵਿਭਾਗ ਨਾਲ਼ ਉਪ ਮੁਖ ਮੰਤਰੀ ਦਾ ਅਹੁਦਾ ਮੰਗਦੇ ਸਨ। ਜਸਟਿਸ ਗੁਰਨਾਮ ਸਿੰਘ ਜੀ ਗ੍ਰਿਹ ਵਿਭਾਗ ਛੱਡਣ ਲਈ ਤਿਆਰ ਨਾ ਹੋਏ। ਬਾਅਦ ਵਿਚ ਬਣਨ ਵਾਲ਼ੇ ਮੁਖ ਮੰਤਰੀ, ਸ. ਹਰਚਰਨ ਸਿੰਘ ਬਰਾੜ ਵੀ ਅਕਾਲੀ ਦਲ ਵਿਚ ਆ ਰਲ਼ੇ। ਅਗਲੀ ੧੯੬੯ ਵਾਲ਼ੀ ਇਲੈਕਸ਼ਨ ਪਿੱਛੋਂ, ਬੇਅੰਤ ਸਿੰਘ ਪਹਿਲਾਂ ਹੀ ਅਕਾਲੀਆਂ ਵੱਲੋਂ ਟਿਕਟ ਨਾ ਮਿਲਣ ਤੇ, ਗੁਰਨਾਮ ਸਿੰਘ ਦੀ ਅੰਦਰੋਂ ਸਹਿਮਤੀ ਨਾਲ਼, ਆਜ਼ਾਦ ਖਲੋ ਕੇ, ਅਕਾਲੀ ਉਮੀਦਵਾਰ, ਸ. ਗਿਅਨ ਸਿੰਘ ਰਾੜੇਵਾਲ਼ਾ, ਨੂੰ ਹਰਾ ਕੇ, ਜਿੱਤ ਕੇ ਅਕਾਲੀ ਦਲ ਵਿਚ ਆ ਗਿਆ ਸੀ। ਨਕੋਦਰ ਤੋਂ ਅਕਾਲੀਆਂ ਦਾ ਸਹਾਇਤਾ ਨਾਲ਼ ਆਜ਼ਾਦ ਜਿੱਤ ਕੇ ਸ. ਦਰਬਾਰਾ ਸਿੰਘ ਵੀ ਦਲ ਵਿਚ ਆ ਕੇ ਸਪੀਕਰ ਬਣ ਗਿਆ।

ਇਸ ਤਰ੍ਹਾਂ ਬਣੀ ਇਹ ਫਰੰਟ ਸਰਕਾਰ ੨੧ ਨਵੰਬਰ ੧੯੬੭ ਤੱਕ ਚੱਲੀ। ਅਕਾਲੀ ਵਿੱਦਿਆ ਮੰਤਰੀ ਸ. ਲਛਮਣ ਸਿੰਘ ਗਿੱਲ ਤੋਂ ਬਗਾਵਤ ਕਰਵਾ ਕੇ ਉਸ ਨੂੰ ਮੁਖ ਮੰਤਰੀ ਬਣਵਾ ਦਿਤਾ ਤੇ ਆਪ ਕਾਂਗਰਸ ਨੇ ਬਾਹਰੋਂ ਰਹਿ ਕੇ ਉਸ ਨੂੰ ਆਪਣਾ ਸਮੱਰਥਨ ਦਿਤਾ। ਇਹ ਸਰਕਾਰ ਵੀ ੧੯੬੮ ਦੇ ਅੱਧ ਕੁ ਤੱਕ ਚੱਲੀ। ਕਾਂਗਰਸ ਨੇ ਹਿਮਾਇਤ ਵਾਪਸ ਲੈ ਕੇ ਇਹ ਸਰਕਾਰ ਵੀ ਡੇਗ ਦਿਤੀ।

੧੯੬੮ ਵਿਚ, ੧੯੬੯ ਵਾਲ਼ੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਪਹਿਲਾਂ, ਸੰਤ ਫਤਹਿ ਸਿੰਘ ਜੀ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਦੇ ਦੋਵੇਂ ਧੜੇ ਇੱਕਠੇ ਹੋ ਗਏ ਤੇ ਇਲੈਕਸ਼ਨ ਵਿਚ ੪੩ ਮੈਂਬਰ ਜਿੱਤੇ ਅਤੇ ਦੋ ਆਜ਼ਾਦ ਸ਼ਾਮਲ ਹੋ ਕੇ ੪੫ ਬਣ ਗਏ। ਪੰਤਾਲ਼ੀ ਇਹ ਅਤੇ ੮ ਜਨਸੰਘੀਆਂ ਨੇ ਰਲ਼ ਕੇ, ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਸਰਕਾਰ ਬਣਾ ਲਈ। ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ਼ ਸਾਜਸ਼ ਕਰਕੇ, ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਗੁੱਠੇ ਲਾਉਣ ਦੀ ਸਾਜਸ਼ ਨੂੰ ਸੰਤ ਚੰਨਣ ਸਿੰਘ ਜੀ ਨੇ ਫੇਹਲ ਕਰਕੇ, ੨੫ ਮਾਰਚ ੧੯੭੦ ਵਾਲ਼ੇ ਦਿਨ ਉਸ ਨੂੰ ਮੁਖ ਮੰਤਰੀ ਸ਼ਿਪ ਤੋਂ ਲਾਹ ਦਿਤਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ੨੭ ਮਾਰਚ, ੧੯੭੦ ਵਾਲ਼ੇ ਦਿਨ ਮੁਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ। ਬਾਦਲ ਸਾਹਿਬ ਭਾਰਤ ਵਿਚ ਉਸ ਸਮੇ ਸਭ ਤੋਂ ਛੋਟੀ ਉਮਰ ਦੇ ਮੁਖ ਮੰਤਰੀ ਬਣੇ ਸਨ।

ਇਹ ਸਰਕਾਰ ੧੯੭੧ ਦੇ ਅੱਧ ਕੁ ਤੱਕ ਚੱਲੀ। ਕੇਂਦਰ ਨੇ ਇਹ ਸਰਕਾਰ ਤੋੜ ਕੇ ਗਵਰਨਰੀ ਰਾਜ ਲਾਗੂ ਕਰ ਦਿਤਾ ਤੇ ੧੯੭੨ ਵਾਲ਼ੀਆਂ ਚੋਣਾਂ ਕਾਂਗਰਸ ਨੇ ਜਿੱਤ ਕੇ, ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾ ਲਈ। ਸ਼੍ਰੋਮਣੀ ਅਕਾਲੀ ਦਲ ਦੇ, ੧੦੪ ਵਿਚੋਂ ੨੪ ਜਿੱਤੇ ਅਤੇ ਇਕ ਆਜ਼ਾਦ ਜਿੱਤੇ ਸ. ਸੁਖਦੇਵ ਸਿੰਘ ਢੀਂਡਸਾ ਦੀ ਸ਼ਮੂਲੀਅਤ ਨਾਲ਼, ਕੁੱਲ ੨੫ ਹੋ ਕੇ ਅਪੋਜ਼ੀਸ਼ਨ ਵਿਚ ਬੈਠੇ। ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਜੀ ਨੇ ਅਕਾਲੀ ਐਂਬਲੀ ਪਾਰਟੀ ਦਾ ਲੀਡਰ, ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪਾਸੇ ਛੱਡ ਕੇ, ਸ. ਜਸਵਿੰਦਰ ਸਿੰਘ ਬਰਾੜ ਨੂੰ ਬਣਾ ਦਿਤਾ। ਕੁਝ ਦਿਨਾਂ ਬਾਅਦ ਹੀ ਬਾਦਲ ਸਾਹਿਬ ਨੇ ਦਲ ਦੇ ਆਗੂਆਂ ਨੂੰ ਆਪਣੀ ਸ਼ਕਤੀ ਵਿਖਾ ਕੇ, ਮਜਬੂਰ ਕਰ ਦਿਤਾ ਕਿ ਪ੍ਰਧਾਨ ਜੀ ਨੂੰ, ਸਰਦਾਰ ਬਾਦਲ ਨੂੰ ਲੀਡਰ ਅਤੇ ਬਰਾੜ ਨੂੰ ਡਿਪਟੀ ਲੀਡਰ ਬਣਾਉਣਾ ਪਿਆ। ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਈ ਹਾਰ ਕਰਕੇ, ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਜੀ ਨੇ ਇਸ ਹਾਰ ਨੂੰ ਕਬੂਲ ਕਰਕੇ, ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ, ਜਥੇਦਾਰ ਮੋਹਨ ਸਿੰਘ ਤੁੜ ਨੂੰ ਦਲ ਦਾ ਪ੍ਰਧਾਨ ਬਣਾ ਦਿਤਾ।

੧੯੭੨ ਦੇ ਅਕਤੂਬਰ ਵਿਚ ਸੰਤ ਫਤਿਹ ਸਿੰਘ ਜੀ ਅਤੇ ਨਵੰਬਰ ਵਿਚ ਅਤੇ ਸੰਤ ਚੰਨਣ ਸਿੰਘ ਜੀ ਅਕਾਲ ਚਲਾਣਾ ਕਰ ਗਏ। ਮੈਂ ੧੯੭੩ ਦੇ ਮਾਰਚ ਵਿਚ ਦੇਸ ਛੱਡ ਕੇ ਅਫ਼੍ਰੀਕਾ ਦੇ ਇਕ ਨਿੱਕੇ ਜਿਹੇ ਮੁਲਕ ਮਲਾਵੀ ਵਿਚ ਚਲਿਆ ਗਿਆ। ਓਥੇ ਨਾ ਕੋਈ ਅਖ਼ਬਾਰ ਤੇ ਨਾ ਹੀ ਕਿਸੇ ਰੇਡੀਓ ਵਗੈਰਾ ਤੋਂ ਭਾਰਤ ਦੀ ਖ਼ਬਰ ਮਿਲ਼ਦੀ ਸੀ। ਇਸ ਤੋਂ ਬਾਅਦ ਜੋ ਕੁਝ ਏਥੇ ਲਿਖਦਾ ਹਾਂ ਉਹ ਸਾਰਾ ਕੁਝ ਮੀਡੀਆ ਅਤੇ ਜਾਣਕਾਰ ਸੱਜਣਾਂ ਤੋਂ ਸਮੇ ਸਮੇ ਮਿਲ਼ੀ ਜਾਣਕਾਰੀ ਅਤੇ ਆਪਣੀਆਂ ਦੇਸ ਦੀਆਂ ਯਾਤਰਾਵਾਂ ਸਮੇ ਜਾਣਕਾਰਾਂ ਤੋਂ ਮਿਲ਼ੀ ਜਾਣਕਾਰੀ ਉਪਰ ਆਧਾਰਤ ਹੈ।




ਸਾਬਕਾ ਅਕਾਲੀ ਮੰਤਰੀ ਸ. ਗੁਰਮੀਤ ਸਿੰਘ ਦੀ ਮੈਨੂੰ ਮਲਾਵੀ ਵਿਚ ਆਈ ਚਿੱਠੀ ਤੋਂ ਪਤਾ ਲੱਗਾ ਕਿ ਅਕਤੂਬਰ, ੧੯੭੩ ਵਿਚ, ਸ਼੍ਰੋਮਣੀ ਅਕਾਲੀ ਦਲ ਨੇ ਇਕ ਮਤਾ ਪਾਸ ਕੀਤਾ ਹੈ ਜਿਸ ਦਾ ਨਾਂ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪਾਸ ਕੀਤਾ ਗਿਆ ਹੋਣ ਕਰਕੇ, 'ਅਨੰਦਪੁਰ ਦਾ ਮਤਾ' ਰੱਖਿਆ ਗਿਆ ਹੈ। ਇਹ ਮਤਾ, ੧੯੬੮ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਦੋਹਾਂ ਧੜਿਆਂ ਦੀ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਣ ਵਾਲ਼ੀ ਏਕਤਾ ਸਮੇ, ਸ. ਕਪੂਰ ਸਿੰਘ ਜੀ ਵੱਲੋਂ ਤਿਆਰ ਕੀਤਾ ਗਿਆ ਦਸਤਾਵੇਜ ਅਤੇ ਏਸੇ ਸਾਲ ਬਟਾਲੇ ਵਿਚ ਹੋਈ

ਸਾਲਾਨਾ ਅਕਾਲੀ ਕਾਨਫ੍ਰੰਸ ਵਿਚ ਪਾਸ ਹੋਏ, ਸੂਬਿਆਂ ਨੂੰ ਵਧ ਅਧਿਕਾਰਾਂ ਵਾਲ਼ੇ ਮਤੇ ਦਾ, ਅਗਲੇਰਾ ਅਤੇ ਹੋਰ ਸੋਧਿਆ ਹੋਇਆ ਰੂਪ ਹੈ।

ਏਥੇ ਹੀ ੧੯੭੪ ਵਿਚ, ਬਟਾਲੇ ਤੋਂ ਸ. ਹਰਭਜਨ ਸਿੰਘ ਬਾਜਵਾ ਫ਼ੋਟੋਗਰਾਫ਼ਰ ਦੀ ਆਈ ਚਿੱਠੀ ਤੋਂ ਪਤਾ ਲੱਗਾ ਕਿ ਹਰਿਆਣੇ ਦੇ ਮੁਖ ਮੰਤਰੀ ਚੌਧਰੀ ਬੰਸੀ ਲਾਲ ਵੱਲੋਂ ਸ਼ਹਿਰੀ ਹੱਕਾਂ ਉਪਰ ਲਗਾਈ ਗਈ ਪਾਬੰਦੀ ਦੇ ਖ਼ਿਲਾਫ਼, ਜਥੇਦਾਰ ਮੋਹਨ ਸਿੰਘ ਤੁੜ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਨੇ, ਹਰਆਿਣੇ ਇਕ ਸ਼ਹਿਰ ਕਰਨਾਲ ਵਿਚ ਮੋਰਚਾ ਲਾ ਕੇ ਜਿੱਤ ਪ੍ਰਾਪਤ ਕੀਤੀ।

ਮੈਂ ਅਜੇ ਮਲਾਵੀ ਵਿਚ ਹੀ ਸੀ ਜਦੋਂ ਪਤਾ ਲੱਗਾ ਕਿ ੨੫ ਜੂਨ ੧੯੭੫ ਵਾਲ਼ੇ ਦਿਨ ਇੰਦਰਾ ਗਾਂਧੀ ਨੇ ਦੇਸ ਵਿਚ ਐਮਰਜੈਂਸੀ ਲਾ ਦਿਤੀ ਹੈ। ਅਕਾਲੀਆਂ ਤੋਂ ਬਿਨਾ ਬਾਕੀ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਫੜ ਕੇ ਜੇਹਲਾਂ ਵਿਚ ਸੁੱਟ ਦਿਤਾ ਅਤੇ ਬਹੁਤ ਸਾਰੀਆਂ ਜਥੇਬੰਦੀਆਂ ਉਪਰ ਪਾਬੰਦੀ ਲਾ ਦਿਤੀ ਗਈ ਸੀ। ਅਕਾਲੀ ਆਗੂਆਂ ਨਾ਼ਲ ਸੁਲਾਹ ਕਰਨ ਦੇ ਜਤਨ ਕੀਤੇ ਪਰ ਇਹਨਾਂ ਨੇ ਇਸ ਜ਼ੁਲਮ ਦੇ ਖ਼ਿਲਾਫ਼, ਸਦਾ ਵਾਂਗ ਹੀ ਮੋਰਚਾ ਲਾ ਦਿਤਾ। ਐਮਰਜੈਂਸੀ ਹਟਾ ਕੇ ਚੋਣਾਂ ਦਾ ਐਲਾਨ ਹੋਣ ਤੱਕ ਇਹ ਸ਼ਾਂਤਮਈ ਮੋਰਚਾ ਚੱਲਦਾ ਰਿਹਾ। ਤਿਹਾੜ ਜੇਹਲ ਵਿਚ ਬੰਦ ਸਾਰੇ ਵਿਰੋਧੀ ਆਗੂਆਂ ਨੂੰ, ਅਕਾਲੀ ਆਗੂ ਸ. ਅਤਮਾ ਸਿੰਘ ਨੇ ਪ੍ਰੇਰ ਕੇ, ਇਕ ਜਨਤਾ ਪਾਰਟੀ ਦੇ ਨਾਂ ਹੇਠ ਇੱਕਠੇ ਕੀਤਾ। ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਵਿਚ ਮੋਹਰੀ ਹਿੱਸਾ ਪਾ ਕੇ, ਇੰਦਰਾ ਗਾਂਧੀ ਦੇ ਜ਼ੁਲਮੀ ਰਾਜ ਦਾ ਖਾਤਮਾ ਕੀਤਾ। ਜਨਤਾ ਪਾਰਟੀ ਦਾ ਬਣਿਆਂ ਇਹ .ਭਾਨਮਤੀ ਦਾ ਕੁਨਭਾ,, ਲੀਡਰਾਂ ਦੀ ਆਪਸੀ ਖਿੱਚੋਤਾਣ ਅਤੇ ਇੰਦਰਾ ਗਾਂਧੀ ਦੀਆਂ ਸਾਜਸ਼ਾਂ ਨਾ਼ਲ, ਖਿੱਲਰ ਗਿਆ ਤੇ ੧੯੮੦ ਵਿਚ ਇੰਦਰਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਫਿਰ ਬਣ ਗਈ।

ਇਸ ਐਮਰਜੈਂਸੀ ਦੇ ਖ਼ਿਲਾ਼ਫ ਲੱਗੇ ਮੋਰਚੇ ਸਮੇ ਮੈਂ ਵੀ ਇੰਗਲੈਂਡ ਆਦਿ ਮੁਲਕਾਂ ਵਿਚ ਦੀ ਘੁੰਮਦਾ ਹੋਇਆ ਅੰਮ੍ਰਿਤਸਰ ਪਹੁੰਚ ਗਿਆ ਸਾਂ ਅਤੇ ਮੋਰਚੇ ਦੇ ਡਿਕਟੇਟਰ ਜਥੇਦਾਰ ਮੋਹਨ ਸਿੰਘ ਤੁੜ ਸਮੇਤ ਹੋਰ ਵੀ ਕਈ ਆਗੂਆਂ ਨੂੰ ਮਿ਼ਲ ਕੇ ਪੰਥਕ ਹਾਲਾਤ ਜਾਨਣ ਦਾ ਜਤਨ ਕੀਤਾ ਸੀ।





ਹੁਣ ਇੰਦਰਾ ਗਾਂਧੀ ਦੇ ਸਾਹਮਣੇ ਸਭ ਤੋਂ ਵੱਡਾ ਕੰਮ ਅਕਾਲੀ ਦਲ ਤੋਂ, ਉਸ ਦੀ ਲਗਾਈ ਗਈ ਐਮਰਜੈਂਸੀ ਦਾ ਵਿਰੋਧ ਕਰਨ ਦਾ ਬਦਲਾ ਲੈਣ ਦਾ ਸੀ। ਸਭ ਤੋਂ ਪਹਿਲਾਂ ਤੇ ਉਸ ਨੇ ਪੰਜਾਬ ਵਿਚ ਬਣੀ ਅਕਾਲੀ ਜਨਤਾ ਸਰਕਾਰ ਨੂੰ ਤੋੜਿਆ। ਸਿੱਖ ਨਿਰੰਕਾਰੀ ਵਿਰੋਧ ਨੂੰ ਭੜਕਾਇਆ। ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਹੇਠ ਸਿੱਖ ਨੌਜਵਾਨੀ ਵਿਚ ਸਰਕਾਰ ਵੱਲੋਂ ਇਸ ਝਗੜੇ ਵਿਚ ਇਨਸਾਫ਼ ਨਾ ਮਿ਼ਲਣ ਅਤੇ ਨੌਜਵਾਨਾਂ ਉਪਰ ਨਾਜਾਇਜ਼ ਪੁਲਿਸੀ ਜ਼ੁਲਮ ਹੋਣ ਕਰਕੇ, ਸਿੱਖ ਨੌਜਵਾਨੀ ਵਿਚ ਜੁਝਾਰੂ ਰੁਝਾਨ ਪੈਦਾ ਹੋਇਆ ਜਿਸ ਨੂੰ ਸਹੀ ਤਰੀਕੇ ਨਾ਼ਲ ਸਿਆਸੀ ਤੌਰ ਤੇ ਨਜਿਠਣ ਦੀ ਬਜਾਇ, ਅਮਨ ਕਾਨੂੰਨ ਦਾ ਮਸਲਾ ਬਣਾ ਕੇ, ਕੇਂਦਰ ਸਰਕਾਰ ਨੇ ਇਸ ਸਾਰੇ ਕੁਝ ਨੂੰ ਹਵਾ ਦੇ ਕੇ ਸਗੋਂ ਹੋਰ ਭੜਕਾਇਆ।

ਅਜਿਹੇ ਹਾਲਾਤ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਅਗਸਤ ੧੯੮੨ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਵਾਸਤੇ ਸਦਾ ਵਾਂਗ ਸ਼ਾਂਤਮਈ ਮੋਰਚਾ ਲਾ ਦਿਤਾ। ਇੰਦਰਾ ਗਾਂਧੀ ਦੀ ਬਦਨੀਤੀ ਕਾਰਨ ਇਹ ਸ਼ਾਂਤਮਈ ਮੋਰਚਾ, ਜੂਨ ੧੯੮੪ ਵਾ਼ਲੇ, ਸ੍ਰੀ ਦਰਬਾਰ ਸਾਹਿਬ ਅਤੇ ਬਾਕੀ ਇਤਿਹਾਸਕ ਗੁਰਦਆਰਿਆਂ ਉਪਰ ਫ਼ੌਜੀ ਹਮਲੇ ਤੱਕ ਚੱਲਦਾ ਰਿਹਾ। ਇਸ ਦੌਰਾਨ ਕੀ ਕੁਝ ਵਾਪਰਿਆ, ਇਸ ਸਾਰੇ ਕੁਝ ਬਾਰੇ ਹੁਣ ਤੱਕ ਬਹੁਤ ਕੁਝ ਲਿਖਿਆ ਤੇ ਦੱਸਿਆ ਜਾ ਚੁੱਕਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿਚ ਇਸ ਸਭ ਤੋਂ ਲੰਮੇ ਸਮੇ ਲਈ ਚੱਲੇ ਮੋਰਚੇ ਵਿਚ, ਕੌਮ ਦਾ ਸਭ ਤੋਂ ਵੱਧ ਜਾਨੀ ਮਾਲੀ ਅਤੇ ਮਾਣ ਸਨਮਾਨ ਦਾ, ਹੱਦੋਂ ਵੱਧ ਨੁਕਸਾਨ ਹੋਇਆ। ਕੁਝ ਵੀ ਪ੍ਰਾਪਤ ਹੋਣ ਦੇ ਥਾਂ, ਜੋ ਅਕਾਲੀ

ਦਲ ਨੇ ਸ਼ਾਂਤਮਈ ਮੋਰਚੇ ਲਾ ਲਾ ਕੇ ਸਮੇ ਸਮੇ, ਤਤਕਾਲੀ ਸਰਕਾਰਾਂ ਪਾਸੋਂ ਪ੍ਰਾਪਤ ਕੀਤਾ ਸੀ, ਉਸ ਵਿਚੋਂ ਵੀ ਬਹੁਤ ਕੁਝ ਗਵਾ ਲਿਆ। ਸਿੱਖ ਪੰਥ ਦਾ ਸਰਬਪੱਖੀ ਨੁਕਸਾਨ ਹੀ ਨੁਕਸਾਨ ਹੋਇਆ। ਆਪਣੇ ਜ਼ੁਲਮੀ ਕਾਰਿਆਂ ਨਾਲ਼ ਸਰਕਾਰ ਨੇ ਰੋਹ ਭਰੀ ਸਿੱਖ ਜਵਾਨੀ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰ ਦਿਤਾ ਤੇ ਇਸ ਬਹਾਨੇ ਕੌਮ ਦਾ ਘਾਣ ਕੀਤਾ। ਨਤੀਜੇ ਵਜੋਂ ਇਸ ਸਭ ਕੁਝ ਦੀ ਜੁੰਮੇਵਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਇਆ ਤੇ ਉਸ ਦੇ ਨਾਲਾਇਕ ਪੁੱਤ ਰਾਜੀਵ ਨੇ ਜ਼ੁਲਮ ਕਰਨ ਵਾਲ਼ੀ, ਸਾਰੇ ਦੇਸ ਵਿਚ ਬੇਦੋਸ਼ੇ ਸਿੱਖਾਂ ਦਾ ਕਤਲਾਮ ਕਰਕੇ, ਰਹਿੰਦੀ ਕਸਰ ਵੀ ਪੂਰੀ ਕਰ ਦਿਤੀ।


ਸੰਤ ਹਰਚੰਦ ਸਿੰਘ ਲੌਂਗੋਵਾਲ - ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਮਝੌਤਾ

ਜੁਲਾਈ, ੧੯੮੫ ਨੂੰ ਅਕਾਲੀ ਆਗੂ ਅਤੇ ਮੋਰਚੇ ਦੇ ਡਿਕਟੇਟਰ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਜੇਹਲ ਵਿਚੋਂ ਕੱਢ ਕੇ, ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਸਮਝੌਤਾ ਕੀਤਾ ਗਿਆ। ਇਸ ਨਾਲ਼ ਇਹ ਮੋਰਚਾ ਕਾਗਜ਼ੀ ਤੌਰ ਤੇ ਖ਼ਤਮ ਹੋਇਆ। ਉਂਜ ਆਮ ਸਿੱਖ ਜਨਤਾ ਵਿਚ ਇਸ ਸਮਝੌਤੇ ਦਾ ਵਿਰੋਧ ਵੀ ਬਹੁਤ ਹੋਇਆ। ਕਿਸੇ ਪੱਤਰਕਾਰ ਨੇ ਇਉਂ ਵੀ ਲਿਖਿਆ ਕਿ ਰਾਜੀਵ ਨੇ ਆਪਣੀ ਬੁਲਿਟ ਪਰੂਫ਼ ਜੈਕਟ ਲਾਹ ਕੇ ਸੰਤ ਲੌਂਗੋਵਾਲ਼ ਦੇ ਗਲ਼ ਪਾ ਦਿਤੀ ਹੈ। ਲੌਂਗੋਵਾਲ ਨੂੰ ਇਸ ਸਮਝੌਤੇ ਪਿੱਛੇ ਗੋਲ਼ੀ ਦਾ ਸ਼ਿਕਾਰ ਹੋ ਕੇ, ਆਪਣੀ ਜਾਨ ਦੇਣੀ ਪਈ। ਮੇਰਾ ਵਿਚਾਰ ਇਸ ਸਮਝੌਤੇ ਬਾਰੇ ਇਉਂ ਸੀ ਕਿ ਇਹ ਸਮਝੌਤਾ ਤੇ ਇਉਂ ਹੈ ਕਿ ਜਿਵੇਂ ਇਕ ਤਕੜਾ ਬੰਦਾ ਮਾੜੇ ਬੰਦੇ ਨੂੰ ਕੁੱਟੀ ਜਾ ਰਿਹਾ ਹੈ। ਉਸ ਦੀ ਨਾ ਕੋਈ ਸਹਾਇਤਾ ਲਈ ਆਉਂਦਾ ਹੈ ਤੇ ਨਾ ਹੀ ਕੋਈ ਉਸ ਦੇ ਹੱਕ ਵਿਚ ਆਵਾਜ਼ ਹੀ ਕਢਦਾ ਹੈ ਸਗੋਂ ਝੂਠੇ ਪ੍ਰਾਪਗੰਡੇ ਦਾ ਸ਼ਿਕਾਰ ਹੋਇਆ ਹਰ ਕੋਈ ਉਸ ਨੂੰ ਹੀ ਦੋਸ਼ੀ ਸਮਝ ਰਿਹਾ ਹੈ। ਅਜਿਹੀ ਹਾਲਤ ਵਿਚ ਕੁੱਟਣ ਵਾਲ਼ਾ ਕੁੱਟਦਾ ਕੁੱਟਦਾ ਥੱਕ ਕੇ, ਕੁੱਟ ਖਾਈ ਜਾਣ ਵਾਲ਼ੇ ਨੂੰ ਗਲ਼ੋਂ ਫੜ ਕੇ, ਹੇਠੋਂ ਕਢ ਕੇ, ਖੜ੍ਹਾ ਕਰਕੇ, ਉਸ ਦਾ ਝੱਗਾ ਝਾਣ ਕੇ ਤੇ ਮੂੰਹ ਪੂੰਝ ਕੇ, ਕਹਿੰਦਾ ਹੈ ਕਿ ਆ ਆਪਾਂ ਸਮਝੌਤਾ ਕਰ ਲਈਏ। ਮੈਂ ਤੇਰੀਆਂ ਕੁਝ ਮੰਗਾਂ ਵੀ ਮੰਨ ਲੈਂਦਾ ਹਾਂ ਤੇ ਲਗਾਤਾਰ ਕੁੱਟ ਖਾਣ ਵਾਲ਼ਾ ਆਲ਼ੇ ਦੁਆਲ਼ੇ ਝਾਤੀ ਮਾਰ ਕੇ, ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ, ਹੋਰ ਕੁੱਟ ਖਾਈ ਜਾਣ ਨਾਲ਼ੋਂ ਸੁਲਾਹ ਲਈ ਮੰਨ ਜਾਂਦਾ ਹੈ। ਇਸ ਤੋਂ ਵਧੇਰੇ ਇਸ ਸਮਝੌਤੇ ਦੀ ਕੋਈ ਕੀਮਤ ਨਾ ਉਸ ਸਮੇ ਸੀ ਤੇ ਨਾ ਹੀ ਹੁਣ ਤੱਕ ਹੈ।



੧੯੯੧ ਵਿਚ ਚੋਣਾਂ ਦਾ ਐਲਾਨ ਹੋਣ ਤੇ, ਸਿੱਖ ਵੋਟਰਾਂ ਵੱਲੋਂ ਵਿਰੋਧ ਹੋਣਾ ਅਨੁਭਵ ਕਰਕੇ, ਕਾਂਗਰਸ ਅਤੇ ਕਮਿਊਨਿਸਟਾਂ ਨੇ ਚੋਣਾਂ ਦਾ ਬਾਈਕਾਟ ਕਰ ਦਿਤਾ। ਅਕਾਲੀ ਦਲ ਨੇ ਚੋਣਾਂ ਲੜਨ ਦੀ ਮੁਹਿਮ ਜਾਰੀ ਰੱਖੀ। ਜੁਝਾਰੂਆਂ ਦੇ ਭੇਸ ਵਾਲ਼ੇ ਕਾਤਲਾਂ ਨੇ, ੨੫ ਅਕਾਲੀ ਉਮੀਦਵਾਰਾਂ ਨੂੰ ਕਤਲ ਕਰ ਦਿਤਾ। ਦੋ ਆਜ਼ਾਦ ਉਮੀਦਵਾਰ ਵੀ ਕਤਲ ਹੋ ਗਏ। ਇਉਂ ੨੭ ਕਤਲਾਂ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਚੋਣਾਂ ਲਈ ਡਟਿਆ ਰਿਹਾ ਅਤੇ ਪੂਰੀ ਆਸ ਸੀ ਕਿ ਚੋਣਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਭਾਈ ਮਨਜੀਤ ਸਿੰਘ ਵਾਲ਼ਾ ਧੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੁੰਦੀ ਪਰ ਐਨ ਮੌਕੇ ਤੇ ਆ ਕੇ, ਚੋਣਾਂ ਵਾਲ਼ੇ ਦਿਨ ਦੀ ਪਹਿਲੀ ਅਧੀ ਰਾਤ ਨੂੰ, ਸਰਕਾਰ ਵੱਲੋਂ ਚੋਣਾਂ ਰੱਦ ਕਰ ਦਿਤੀਆਂ ਗਈਆਂ। ਜਦੋਂ ਅਗਲੇ ਸਾਲ ੧੯੯੨ ਵਿਚ ਚੋਣਾਂ ਫਿਰ ਕਰਵਾਈਆਂ ਗਈਆਂ ਤਾਂ ਜੁਝਾਰੂਆਂ ਦੇ ਭੇਸ ਵਿਚ ਕੁਝ ਲੋਕਾਂ ਨੇ

ਏ.ਕੇ. ਸੰਤਾਲ਼ੀ ਦੇ ਜੋਰ ਨਾਲ਼ ਅਕਾਲੀ ਦਲ ਤੋਂ ਚੋਣਾਂ ਦਾ ਬਾਈਕਾਟ ਕਰਵਾ ਕੇ, ਬਿਨਾ ਮੁਕਾਬਲਾ ਕਾਂਗਰਸ ਦੀ ਸਰਕਾਰ ਬਣਵਾ ਦਿਤੀ। ਫਿਰ ਬੇਅੰਤ ਸਿੰਘ ਤੇ ਗਿੱਲ ਨੇ ਜੋ ਸਿੱਖ ਨੌਜਵਾਨੀ ਦਾ ਘਾਣ ਕੀਤਾ ਉਸ ਬਾਰੇ ਬੜਾ ਕੁਝ ਦੱਸਿਆ ਜਾ ਚੁੱਕਾ ਹੈ।

ਓਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਉਪਰ ਕਦੀ ਗਵਰਨਰੀ ਰਾਜ, ਕਦੀ ਇਕੱਲੇ ਸ਼੍ਰੋਮਣੀ ਅਕਾਲੀ ਦਲ ਦੀ, ਕਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲ਼ੀ ਸਾਂਝੀ ਸਰਕਾਰ ਅਤੇ ਕਦੀ ਕਾਂਗਰਸ ਦੀ ਸਰਕਾਰ ਬਣਦੀ ਆ ਰਹੀ ਹੈ ਤੇ ਅੱਗੇ ਨੂੰ ਇਉਂ ਹੀ ਹੁੰਦੇ ਰਹਿਣ ਦੀ ਆਸ ਵੀ ਹੈ।

ਇਸ ਵਿਸਥਾਰਤ ਘੱਲੂਘਾਰੇ ਵਾਲ਼ੇ ਸਾਲਾਂ ਦੌਰਾਨ ਬਹੁਪੱਖੀ ਘਾਣ ਪੰਜਾਬ ਦੇ ਸਿੱਖਾਂ ਦਾ ਹੀ ਹੋਇਆ ਹੈ। ਜੇ ਕੋਈ ਨਿਰੰਕਾਰੀ ਮਰਿਆ ਤਾਂ ਉਹ ਵੀ ਪੰਜਾਬੀ ਸਿੱਖ, ਜੇ ਪੁਲਿਸ ਤੇ ਫੌਜ ਹੱਥੋਂ ਕੋਈ ਮਰਿਆ ਤਾਂ ਉਹ ਵੀ ਸਿੱਖ, ਜੇ ਜੁਝਾਰੂਆਂ ਹੱਥੋਂ ਕੋਈ ਪੁਲਸੀਆ ਤੇ ਫੌਜੀ ਮਰਿਆ ਤਾਂ ਉਹ ਵੀ ਸਿੱਖ। ਜੇ ਪਿੰਡਾਂ ਵਿਚ ਵਸਦੇ ਖਾਂਦੇ ਪੀਂਦੇ ਸ਼ਰੀਫ ਸਿੱਖ ਪਰਵਾਰਾਂ ਦੇ ਜਾਨ, ਮਾਲ ਅਤੇ ਸਨਮਾਨ ਦਾ ਘਾਣ, ਦਿਨੇ ਪੁਲਿਸ ਅਤੇ ਰਾਤ ਸਮੇ ਜੁਝਾਰੂਆਂ ਦੇ ਭੇਸ ਵਿਚ ਖੁਲ੍ਹੇਆਮ ਫਿਰਦੇ ਲੁਟੇਰਿਆਂ ਹੱਥੋਂ ਹੋਇਆ ਤਾਂ ਸਿੱਖ ਪੰਜਾਬੀਆਂ ਦਾ। ਜੇ ਸਰਕਾਰ ਅਤੇ ਸਿੱਖਾਂ ਦੀ ਲੜਾਈ ਵਿਚ ਆ ਕੇ ਕਾਮਰੇਡ ਮਰੇ ਤਾਂ ਉਹ ਵੀ ਪੰਜਾਬੀ ਸਿੱਖ। ਜੇ ਸ. ਹਰਚਰਨ ਸਿੰਘ ਬਰਾੜ ਦੀ ਥੋਹੜੇ ਦਿਨਾਂ ਦੀ ਸਰਕਾਰ ਸਮੇ, ਜ਼ੁਲਮ ਦੇ ਦੋਸ਼ਾਂ ਵਿਚ ਕੁਝ ਪੁਲਿਸ ਅਫ਼ਸਰਾਂ ‘ਤੇ ਮੁਕਦਮੇ ਚੱਲੇ ਤਾਂ ਉਹ ਵੀ ਸਿੱਖ ਅਫਸਰਾਂ ਉਤੇ ਚੱਲੇ। ਦਿੱਲੀ ਵਾਲ਼ੇ ਆਰਾਮ ਨਾਲ਼ ਬੈਠੇ ਤਮਾਸ਼ਾ ਵੇਖਦੇ ਰਹੇ ਅਤੇ ਪੰਜਾਬ ਵਿਚ ਵੱਸਦੇ ਸਿੱਖਾਂ ਦਾ ਸਿੱਖਾਂ ਹੱਥੋਂ ਹੋ ਰਿਹਾ ਘਾਣ ਵੇਖ ਕੇ ਖ਼ੁਸ਼ ਹੁੰਦੇ ਰਹੇ।

ਪਰ ਇਸ ਲੇਖ ਦਾ ਅਸਲ ਮਕਸਦ ਤੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਨਦਾਰ ਇਤਿਹਾਸ ਨੂੰ ਸੰਖੇਪਤਾ ਸਹਿਤ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਸੀ। ਸ਼੍ਰੋਮਣੀ ਅਕਾਲੀ ਦਲ ਅੱਜ ਵੀ ਭਾਰਤ ਵਿਚ ਇਕ ਅਤੀ ਮਹੱਤਪੂਰਨ ਖੇਤਰੀ ਪਾਰਟੀ ਦੇ ਰੂਪ ਵਿਚ ਸਰਗਰਮ ਹੈ। ਆਪਣੀਆਂ ਕੁਰਬਾਨੀਆਂ ਨਾਲ਼ ਵਿਉਂਤਰੇ ਮੌਜੂਦਾ ਪੰਜਾਬ ਵਿਚਲੀ ਸਰਕਾਰ ਨੂੰ ਚਲਾਉਣਾ ਇਸ ਦੀ ਲੋੜ ਅਤੇ ਇਸ ਦਾ ਫਰਜ਼ ਹੈ। ਘਟ ਤੋਂ ਘਟ ਪੰਜਾਬ ਦੇ ਲੋਕਾਂ ਨੂੰ ਤਾਂ ਮਹਾਰਾਜਾ ਰਣਜੀਤ ਸਿੰਘ ਵਰਗਾ ਇਨਸਾਫ ਭਰਿਆ, ਵਿਤਕਰੇ ਰਹਿਤ ਰਾਜ ਦੇਣਾ ਇਸ ਦਾ ਮੁਖ ਮਨੋਰਥ ਹੈ, ਜਿਸ ਦੀ ਬਾਕੀ ਸੂਬਿਆਂ ਦੇ ਲੋਕ ਵੀ ਓਸੇ ਤਰ੍ਹਾਂ ਸ਼ਲਾਘਾ ਕਰਨ ਜਿਵੇਂ ਅੱਜ ਵੀ ਬੀ.ਬੀ.ਸੀ. ਵਾਲ਼ੇ ਵੀ ਤੇ ਪਾਕਿਸਤਾਨ ਵਾਲ਼ੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਭ ਤੋਂ ਵਧੀਆ ਰਾਜ ਆਖ ਰਹੇ ਹਨ।

ਇਸ ਸਮੇ ਅਕਾਲੀ ਲੀਡਰਸ਼ਿਪ ਸਿਆਸੀ ਅਤੇ ਵਿਦਿਅਕ ਤਜਰਬੇ, ਆਰਥਿਕ ਆਦਿ ਬਹੁਤ ਸਾਰੇ ਪੱਖਾਂ ਤੋਂ ਸਮੇ ਦੇ ਹਾਣ ਦੀ ਹੈ ਅਤੇ ਇਸ ਨੂੰ ਰਾਜ ਭਾਗ ਚਲਾਉਣ ਦਾ ਤਜਰਬਾ ਵੀ ਹੋ ਚੁੱਕਿਆ ਹੈ। ਇਸ ਲਈ ਆਸ ਕਰਨੀ ਚਾਹੀਦੀ ਹੈ ਕਿ ਨਿਜੀ ਸਵਾਰਥ ਤੋਂ ਉਪਰ ਉਠ ਕੇ ਪੰਥ ਦਾ ਜੋ ਨਿਸ਼ਾਨਾ ਹੈ ਰਾਜ ਕਰਨ ਦਾ, ਅਤੇ ਜਿਸ ਰਾਜ ਨੂੰ ਦੁਨੀਆਂ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿਚ ੮੫ ਸਾਲ ਵੇਖ ਵੀ ਚੁੱਕੀ ਹੈ, ਤੋਂ ਪ੍ਰੇਰਨਾ ਲੈ ਕੇ ਪੰਜਾਬ ਨੂੰ ਰਾਜਸੀ ਅਗਵਾਈ ਦੇਣਗੇ। ਪਰ ਯਾਦ ਰਹੇ ਕਿ ਸਿੱਖ ਪੰਥ ਦੀ ਸਮੁਚੀ ਬੇਹਤਰੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਥਮ ਮਨੋਰਥ ਹੈ। ਇਹ ਵੀ ਜਰੂਰ ਯਾਦ ਰਹੇ ਕਿ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਹੁਣ ਤੱਕ ਬਣੀਆਂ ਸਾਂਝੀਆਂ ਸਰਕਾਰਾਂ ਦੀ ਕਾਰ ਗੁਜ਼ਾਰੀ ਤੋਂ ਸਿੱਖ ਪੰਥ ਦੀ ਚੜ੍ਹਦੀ ਕਲਾ ਬਹੁਤੀ ਨਹੀਂ ਦਿਖਾਈ ਦਿਤੀ। ਸਭ ਤੋਂ ਪਹਿਲਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦਾ ਪ੍ਰਬੰਧ ਮੁਕੰਮਲ ਤੌਰ ‘ਤੇ ਸ਼੍ਰੋਮਣੀ ਅਕਾਲੀ ਦਲ ਦੇ ਕੋਲ਼ ਹੈ, ਦਾ ਪ੍ਰਬੰਧ ਏਨਾ ਸੁਚਾਰੂ ਢੰਗ ਨਾਲ਼ ਚਲਾਇਆ ਜਾਵੇ ਕਿ ਜਿਸ ਤੋਂ ਪ੍ਰਭਾਵਤ ਹੋ ਕੇ ਪੰਜਾਬ ਦੇ ਲੋਕ ਸੋਚਣ ਕਿ ਸਾਡੇ ਸੂਬੇ ਦਾ ਰਾਜ ਇਹੋ ਜਿਹਾ ਹੋਣਾ ਚਾਹੀਦਾ ਹੈ। ਇਹ ਕੋਈ ਏਨਾ ਔਖਾ ਕਾਰਜ ਨਹੀਂ ਹੈ ਕਿ ਜੇਹੜਾ ਹੋ ਨਾ ਸਕਦਾ ਹੋਵੇ। ਸਾਡੇ ਵੇਖਦਿਆਂ ਹੀ ਇਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ, ਸੁਣਿਆ ਹੈ ਕਿ ਸ਼੍ਰੀ ਕ੍ਰਿਸ਼ਨ ਕੁਮਾਰ ਕੁਝ ਸਮੇ ਲਈ ਨਵਾਂ ਸ਼ਹਿਰ ਵਿਚ ਭ੍ਰਿਸ਼ਟਾਚਾਰ ਰਹਿਤ ਪ੍ਰਬੰਧ ਕਰ ਵੀ ਚੁੱਕਿਆ ਹੈ। ਜੇ ਇਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ, ਜਿੰਨਾ ਚਿਰ ਉਹ ਉਸ ਪਦਵੀ ਉਪਰ

ਰਿਹਾ, ਆਪਣੇ ਜ਼ਿਲ੍ਹੇ ਦਾ ਪ੍ਰਬੰਧ ਸੁਧਾਰ ਸਕਿਆ ਹੈ ਤਾਂ ਫਿਰ ਸੂਬੇ ਦਾ ਮੁਖ ਮੰਤਰੀ ਤੇ ਦੇਸ਼ ਦਾ ਪ੍ਰਧਾਨ ਮੰਤਰੀ ਕਿਉਂ ਨਹੀਂ ਆਪਣਾ ਸੂਬਾ ਅਤੇ ਆਪਣਾ ਦੇਸ਼ ਸੁਧਾਰ ਸਕਦੇ!

ਰਾਖਾ ਆਪ ਅਕਾਲ ਅਕਾਲੀਆਂ ਦਾ। ਅਕਾਲ ਪੁਰਖ ਸਹਾਈ ਹੋਵੇ। (ਜੁਲਾਈ, ੨੦੨੦)

ਇਸ ਲੇਖ ਵਿਚ ਲਿਖੀ ਗਈ ਇਕ ਇਕ ਵਾਕ ਦੀ ਵਿਆਖਿਆ ਵਿਚ ਪੂਰੀ ਦੀ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ ਅਤੇ ਕਈ ਕਿਤਾਬਾਂ ਪਹਿਲਾਂ ਲਿਖੀਆਂ ਵੀ ਜਾ ਚੁੱਕੀਆਂ ਹਨ।

## ਸ਼੍ਰੋਮਣੀ ਅਕਾਲੀ ਦਲ ਦੀਆਂ ਕੁਝ ਕੁ ਪ੍ਰਾਪਤੀਆਂ ਦਾ ਜ਼ਿਕਰ:

ਦਸੰਬਰ ੧੯੨੦ ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਸਰਬ ਪੱਖੀ ਆਗਵਾਈ ਕਰਦਾ ਆ ਰਿਹਾ ਹੈ।

੧. ਗੁਰਦੁਆਰਿਆਂ ਉਪਰ ਕਾਬਜ਼ ਮਹੰਤਾਂ ਅਤੇ ਉਹਨਾਂ ਦੀ ਸਹਾਇਕ ਅੰਗ੍ਰੇਜ਼ੀ ਸਰਕਾਰ ਵਿਰੁਧ ਪੰਜ ਸਾਲ ਸੰਘਰਸ਼ ਕਰਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਵਾਉਣੀ

੨. ਐਕਟ ਵਿਚ ਰੱਖੇ ਗਏ ਨਾਂ 'ਸੈਂਟਰਲ ਸਿੱਖ ਗੁਰਦੁਆਰਾ ਬੋਰਡ' ਦਾ ਨਾਂ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਣ ਤੋਂ ਇਲਾਵਾ, ਸਮੇ ਸਮੇ ਇਸ ਕਾਨੂੰਨ ਵਿਚ ਤਰਮੀਮਾਂ ਕਰਵਾ ਕੇ, ਕਮੇਟੀ ਨੂੰ ਸੁਚਾਰੂ ਰੂਪ ਵਿਚ ਚੱਲਣ ਦੇ ਜੋਗ ਬਣਾਉਣਾ।

੩. ਫਿਰ ਆਪਣੀ ਕੁਰਬਾਨੀ ਅਤੇ ਸਿਆਣਪ ਨਾਲ਼ ਹਿੰਦੁਸਤਾਨ ਵਿਚ ਅੰਗ੍ਰੇਜ਼ੀ ਸਰਕਾਰ ਕੋਲ਼ੋਂ ਸਿੱਖ ਕੌਮ ਨੂੰ ਤੀਜੀ ਧਿਰ ਮਨਵਾਉਣਾ

੪. ਉਸ ਸਮੇ ਦੇ ਮੁਸਲਿਮ ਬਹੁਗਿਣਤੀ ਵਾਲ਼ੇ ਪੰਜਾਬ ਦੀ ਵੰਡ ਕਰਵਾ ਕੇ ਤਕਰੀਬਨ ਅੱਧਾ ਪੰਜਾਬ ਭਾਰਤ ਵਿਚ ਸ਼ਾਮਲ ਕਰਵਾਉਣਾ। ਏਸੇ ਅਸੂਲ ਮੁਤਾਬਕ ਬੰਗਾਲ ਦੀ ਵੰਡ ਵੀ ਹੋਈ

੫. ੧੯੨੦ ਤੋਂ ਲੈ ਕੇ ਹੁਣ ਤੱਕ ਸਿੱਖ ਸਮਾਜ ਦੇ ਸਾਰੇ ਪੱਖਾਂ ਤੇ ਅਗਵਾਈ ਕਰਨੀ

੬. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ, ਉਸ ਦੀ ਮੌਜੂਦਾ ਬਣਤਰ ਤੱਕ ਲਿਆਉਣਾ

੭. ਦੂਜੀ ਸੰਸਾਰ ਜੰਗ ਸਮੇ, ਕਾਂਗਰਸ ਦੀ ਨੀਤੀ ਦੇ ਵਿਰੁਧ ਸਿੱਖਾਂ ਨੂੰ ਵਧ ਤੋਂ ਵਧ ਫ਼ੌਜ ਵਿਚ ਭਰਤੀ ਕਰਵਾਉਣਾ ਤਾਂ ਕਿ ਆਜ਼ਾਦੀ ਪਿੱਛੋਂ ਸਿੱਖ ਨਿਹੱਥੇ ਨਾ ਹੋ ਜਾਣ ਜੇਹੜੇ ਕਿ ਗਿਣਤੀ ਪੱਖੋਂ ਹਿੰਦੁਸਤਾਨ ਵਿਚ ਉਸ ਸਮੇ ੧% ਦੇ ਕਰੀਬ ਸਨ। ਸਿੱਖਾਂ ਦੀ ਫ਼ੌਜੀ ਸ਼ਕਤੀ ਕਰਕੇ ਹੀ ਅਜ਼ਾਦੀ ਦੀ ਗੱਲ ਬਾਤ ਕਰਨ ਵਿਚ ਸਿੱਖਾਂ ਨੂੰ ਤੀਜੀ ਧਿਰ ਮੰਨ ਕੇ, ਸ਼ਾਮਲ ਕੀਤਾ ਜਾਂਦਾ ਰਿਹਾ ਜਦੋਂ ਕਿ ਦਲਿਤ ਅਤੇ ਈਸਾਈ ਭਾਈਚਾਰੇ ਗਿਣਤੀ ਵਿਚ ਸਿੱਖਾਂ ਨਾਲ਼ੋਂ ਕਈ ਗੁਣਾਂ ਵਧ ਸਨ ਪਰ ਉਹਨਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ

੮. ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਵਿਚ ਮੋਹਰੀ ਹਿੱਸਾ ਪਾਉਣਾ

੯. ਹਿੰਦੂ ਮੁਸਲਿਮ ਫਸਾਦਾਂ ਦੌਰਾਨ ਸ਼ਾਂਤੀ ਸਥਾਪਨਾ ਵਿਚ ਮੋਹਰੀ ਹਿੱਸਾ ਪਾਉਣਾ

੧੦. ੧੯੪੭ ਦੇ ਉਜਾੜੇ ਸਮੇ ਏਧਰ ਉਜੜ ਕੇ ਆਏ ਸਿੱਖਾਂ ਦੇ ਮੁੜ ਵਸੇਬੇ ਦੇ ਜਤਨ ਕਰਨੇ

੧੧. ਤਤਕਾਲੀ ਸਰਕਾਰਾਂ ਨਾਲ਼ ਮਿਲ਼ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ੧੯੨੫ ਵਾਲ਼ੇ ਗੁਰਦੁਆਰਾ ਐਕਟ ਵਿਚ ਸਮੇ ਸਮੇ ਤਰਮੀਮਾਂ ਕਰਵਾਉਣੀਆਂ

੧੨. ਪਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਵੀ ਹਿੰਦੂ ਪਛੜੀਆਂ ਸ਼੍ਰੇਣੀਆਂ ਵਾਲ਼ੇ ਰਿਜ਼ਰਵੇਸ਼ਨ ਦੇ ਅਧਿਕਾਰ ਦਿਵਾਉਣੇ

੧੩. ਪੰਜਾਬੀ ਬੋਲ਼ੀ ਨੂੰ ਸੰਵਿਧਾਨ ਵਿਚ ਦਰਜ ਕਰਵਾਉਣਾ

੧੪. ਗੁਰਮੁਖੀ ਲਿੱਪੀ ਪੰਜਾਬੀ ਬੋਲੀ ਦੀ ਲਿੱਪੀ ਪ੍ਰਵਾਨ ਕਰਵਾਉਣੀ

੧੫. ਪੈਪਸੂ ਵਿਚ ਸਭ ਤੋਂ ਪਹਿਲਾਂ ੧੯੫੨ ਵਿਚ ਨਾਨ ਕਾਂਗਰਸ ਸਾਂਝੀ ਸਰਕਾਰ ਬਣਾਉਣੀ

੧੬. ਭਾਰਤ ਸਰਕਾਰ ਨਾਲ਼ ਹੋਏ ਸਮਝੌਤੇ ਵਜੋਂ ਰਿਜਨਲ ਫਾਰਮੂਲਾ ਪ੍ਰਵਾਨ ਕਰਵਾ ਕੇ, ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਵਾ ਕੇ, ਪੰਜਾਬੀ ਬੋਲਦੇ ਸਾਰੇ ਇਲਾਕੇ ਨੂੰ ਇਕ ਥਾਂ ਇਕੱਠੇ ਕਰਵਾਉਣਾ

੧੭. ਪੰਜਾਬੀ ਬੋਲੀ ਦੇ ਆਧਾਰ ‘ਤੇ ਸਿੱਖ ਬਹੁ ਸੰਮਤੀ ਵਾਲ਼ਾ ਸੂਬਾ ਬਣਵਾਉਣਾ

੧੮. ੧੯੬੭ ਵਿਚ ਕਾਂਗਰਸ ਨੂੰ ਹਰਾ ਕੇ ਪੰਜਾਬ ਵਿਚ ਪਹਿਲੀ ਸਾਂਝੀ ਸਰਕਾਰ ਬਣਾਉਣੀ

੧੯. ੧੯੭੪ ਵਿਚ ਹਰਿਆਣੇ ਵਿਚ ਸ਼ਹਿਰੀ ਆਜ਼ਾਦੀ ਉਪਰ ਮੁਖ ਮੰਤਰੀ ਬੰਸੀ ਲਾਲ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਖ਼ਿਲਾਫ਼ ਮੋਰਚਾ ਲਾ ਕੇ, ਉਹਨਾਂ ਨੂੰ ਤੁੜਵਾਉਣਾ।

੨੦. ੧੯੭੫ ਵਿਚ ਇੰਦਰਾ ਗਾਂਧੀ ਵੱਲੋਂ ਦੇਸ ਵਿਚ ਲਾਈ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਓਦੋਂ ਤੱਕ ਚੱਲਦਾ ਰਿਹਾ ਜਿੰਨਾ ਚਿਰ ਐਮਰਜੈਂਸੀ ਹਟਾ ਕੇ ਚੋਣਾਂ ਦਾ ਐਲਾਨ ਨਹੀਂ ਹੋਇਆ

੨੧. ੧੯੭੭ ਦੀਆਂ ਚੋਣਾਂ ਵਿਚ ਜਨਤਾ ਪਾਰਟੀ ਬਣਵਾ ਕੇ ਤੇ ਖ਼ੁਦ ਮੋਹਰੀ ਹੋ ਕੇ ਦੇਸ ਵਿਚੋਂ ਇੰਦਰਾ ਦੇ ਜ਼ੁਲਮੀ ਰਾਜ ਨੂੰ ਚੋਣਾਂ ਵਿਚ ਹਰਾ ਕੇ ਜਨਤਾ ਪਾਰਟੀ ਦੀ ਸਰਕਾਰ ਬਣਵਾਉਣੀ।

੨੨. ੧੯੮੫ ਵਿਚ ਪਹਿਲੀ ਵਾਰ ਨਿਰੋਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣੀ।

੨੩. ਪੰਜਾਬ ਵਿਚਲੇ ਹਿੰਦੂ ਸਮਾਜ ਦੀ ਪਾਰਟੀ ਨਾਲ਼ ਸਮੇ ਸਮੇ ਸਾਂਝੀਆਂ ਸਰਕਾਰਾਂ ਬਣਾ ਕੇ ਦੋਹਾਂ ਭਾਈਚਾਰਿਆਂ ਵਿਚਾਲ਼ੇ ਮਿਲਵਰਤਣ ਵਧਾਉਣੀ ਤਾਂ ਕਿ ਸੌੜੇ ਸਿਆਸੀ ਹਿਤਾਂ ਖਾਤਰ, ਕਾਂਗਰਸ ਵੱਲੋਂ ਪਾਈ ਗਈ ਦੋਹਾਂ ਭਾਈਚਾਰਿਆਂ ਵਿਚਲੀ ਬੇਵਿਸ਼ਵਾਸ਼ੀ ਨੂੰ ਦੂਰ ਕਰਨਾ।

## ਸ਼੍ਰੋਮਣੀ ਅਕਾਲੀ ਦੇ ਹੁਣ ਤੱਕ ਹੋਏ ਪ੍ਰਧਾਨਾਂ ਦੇ ਨਾਂ:

ਸ. ਸਰਮੁਖ ਸਿੰਘ ਝਬਾਲ਼, ਬਾਬਾ ਖੜਕ ਸਿੰਘ, ਅਕਾਲੀ ਕਰਮ ਸਿੰਘ ਬੱਸੀ, ਮਾਸਟਰ ਤਾਰਾ ਸਿੰਘ, ਸ. ਗੁਪਾਲ ਸਿੰਘ ਕੌਮੀ, ਸ. ਤਾਰਾ ਸਿੰਘ ਠੇਠਰ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਬਾਬੂ ਲਾਭ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਜਥੇਦਾਰ ਪ੍ਰੀਤਮ ਸਿੰਘ ਗੋਜਰਾਂ, ਸ. ਹੁਕਮ ਸਿੰਘ, ਜਥੇਦਾਰ ਅੱਛਰ ਸਿੰਘ, ਗਿਆਨੀ ਭੁਪਿੰਦਰ ਸਿੰਘ, ਸੰਤ ਫਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ਼, ਸ. ਸੁਰਜੀਤ ਸਿੰਘ ਬਰਨਾਲ਼ਾ, ਬਾਬਾ ਜੋਗਿੰਦਰ ਸਿੰਘ, ਸ. ਸਿਮਰਨਜੀਤ ਸਿੰਘ ਮਾਨ, ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਬੀਰ ਸਿੰਘ ਬਾਦਲ।

ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਮੁਸਲਮਾਨ ਬਣਨ ਲਈ, ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਕਈ ਤਰ੍ਹਾਂ ਦੇ ਲਾਲਚ ਦਿਤੇ ਅਤੇ ਉਸ ਸਮੇ ਦੇ ਸਿੰਘਾਂ ਦੀ ਮਾੜੀ ਹਾਲਤ ਦਰਸਾਉਣ ਲਈ ਜੋ ਬਹੁਤ ਕੁਝ ਕਿਹਾ ਉਸ ਦਾ ਕੁਝ ਹਿੱਸਾ ਇਕ ਕਬਿਤ ਵਿਚ, ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਇਉਂ ਲਿਖਿਆ ਹੈ:

ਕਬਿੱਤ

ਫਿੱਡਾ ਜੈਸਾ ਟੱਟੂਆ ਜੁੱਲੜੂ ਕਾ ਕਾਠੂ ਪਾਇ,

ਰੱਸੜੂ ਲਗਾੜੂ ਤੇ ਰੱਸੜੂ ਰਕਾਬ ਜੂ।

ਪਾਟਿਆ ਜੈਸਾ ਕੱਛੜੂ ਤੇ ਨੀਲੜੂ ਸਾ ਚਾਦਰੂ,

ਡੁੱਚੋ ਜੈਸਾ ਪੱਗੜੂ ਬਣਾਇਆ ਸਿਰਤਾਜ ਜੂ।

ਟੁੱਟਿਆ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾਂਕੋ,

ਗੱਠ ਸੱਠ ਗਾਤਰਾ ਬਣਾਇਆ ਸਭ ਸਾਜ ਜੂ।

ਨਾਮ ਤੋ ਅਕਾਲੜੂ ਸੋ ਫਿਰੈਂ ਬੁਰੇ ਹਾਲੜੂ ਪੈ,

ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ।

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ ੭੪੪)

ਅਕਾਲੀ ਆਗੂਆਂ ਨਾਲ਼ ਕਿਸੇ ਗੱਲੋਂ ਨਾਰਾਜ਼ ਹੋ ਕੇ, ਸਿਰਦਾਰ ਕਪੂਰ ਸਿੰਘ ਜੀ ਨੇ ਇਹ ਕਵਿਤਾ ੧੯੭੪ ਵਿਚ ਲਿਖੀ ਸੀ:

ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,

ਸੰਘ ਨਾਲ ਯਾਰੀ, ਥੱਲੇ ਆਰੀਆ ਸਮਾਜ ਕੇ।

ਸਿੱਖੀ ਕੀ ਨਾ ਬਾਤ ਚਲੈ, ਪੰਥ ਕੀ ਨਾ ਗਾਥ ਚਲੈ,

ਲੂਟ ਦੋਨੋਂ ਹਾਥ ਚਲੈ, ਸੰਗ ਸਾਜ ਬਾਜ ਕੇ।

ਅਕਲ ਕੀ ਨਾ ਗੱਲ ਕਹੈ, ਇੱਕੋ 'ਕਾਲੀ ਦਲ ਰਹੈ,

ਨਿੱਤ ਤਰਥੱਲ ਰਹੈ, ਜ਼ਿੰਦਾਬਾਦ ਗਾਜ ਕੇ।

ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈਂ,

ਗੋਲਕੇਂ ਭਰਪੂਰ ਕਰੈ, ਸਿੱਖ ਭਾਜ ਭਾਜ ਕੇ।

ਪੰਥ ਕੇ ਦਰਦ ਹਿੱਤ, ਬੁੱਧੀ ਕੀ ਜੋ ਸੇਧ ਦੇਵੈ,

ਨਿਕਟ ਨਾ ਆਣ ਪਾਵੈ, ਰਾਜ ਭਾਗ ਕਾਜ ਕੇ।

ਜਥੇਦਾਰ ਕਹਿਤ ਬਿਰਾਜੋ, ਮਤ ਭਾਜੋ ਸਿੱਖੋ,

ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ।

ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਕਵਿਤਾ ਮਹਾਨ ਕੋਸ਼ ਵਿਚ:

ਕਮਲ ਜਿਉਂ ਮਾਇਆ ਜਲ ਵਿਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।
ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿਚ ਬਿਪਤਾ ਨੂੰ ਮੰਨੇ ਖੁਸ਼ਹਾਲੀ ਹੈ।
ਸਵਾਰਥ ਤੋਂ ਬਿਨਾ ਗੁਰਦੁਆਰਿਆਂ ਦਾ ਚੌਕੀਦਾਰ
ਧਰਮ ਦੇ ਜੰਗ ਲਈ ਚੜ੍ਹੀ ਮੁਖ ਲਾਲੀ ਹੈ।
ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ
ਸਿੱਖ ਦਸਮੇਸ਼ ਦਾ ਸੋ ਕਹੀਏ ਅਕਾਲੀ ਹੈ।




ਨੋਟ:

ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਦੀ ਦੇ ਸਮਾਗਮਾਂ ਨੂੰ ਮੁਖ ਰੱਖਦਿਆਂ:

ਮਾਸਟਰ ਤਾਰਾ ਸਿੰਘ, ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਸੋਹਣ ਸਿੰਘ ਜੋਸ਼ ਕਮਿਊਨਿਸਟ ਲੀਡਰ, ਮੁਣਛਾ ਸਿੰਘ ਦੁਖੀ, ਡਾ. ਹਰਜਿੰਦਰ ਸਿੰਘ ਦਿਲਗੀਰ ਇਤਿਹਾਸਕਾਰ, ਡਾ. ਮਹਿੰਦਰ ਸਿੰਘ ਇਤਿਹਾਸਕਾਰ, ਅਖ਼ਬਾਰਾਂ ਅਤੇ ਰਸਾਲਿਆਂ ਵਿਚੋਂ ਪੜ੍ਹੇ ਗਏ ਸਮੇ ਸਮੇ ਲੇਖ, ਵਿੱਦਵਾਨਾਂ ਦੇ ਸਮੇ ਸਮੇ ਸੁਣੇ ਗਏ ਲੈਕਚਰ, ਆਪਣੇ ਸਾਹਮਣੇ ਵਾਪਰੀਆਂ ਘਟਨਾਵਾਂ ਆਦਿ ਦੇ ਆਧਾਰ 'ਤੇ, ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਦਾ, ਇਸ ਲੇਖ ਵਿਚ ਸੰਖੇਪ ਵਰਨਣ ਕਰਨ ਦਾ ਜਤਨ ਕੀਤਾ ਗਿਆ ਹੈ।

ਗਿਆਨੀ ਸੰਤੋਖ ਸਿੰਘ

ਜੁਲਾਈ, ੨੦੨੦